ਮਾਸਕ ੧ਓ ਪਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

## ਸ਼ਹੀਦੀ ਸ਼ਮ੍ਹਾ ਤੋਂ ਕੁਰਬਾਨ ਹੋਣ ਵਾਲੇ ਪਰਵਾਨਿਆਂ ਦਾ ਦ੍ਰਿਸ਼



ਲਾਹੌਰ ਨਖਾਸ ਚੌਕ (ਗੁ: ਸ਼ਹੀਦਗੰਜ ਅਸਥਾਨ) ਵਿਖੇ ਮੀਰ ਮਨੂੰ ਵਲੋਂ ਸਿੰਘਾਂ ਨੂੰ ਦਿਤੇ ਜਾ ਰਹੇ ਤਸੀਹੇ

**MAY 1990** ਮਈ ੧੯੯੦

www.AKJ.Org

# ਤ ਤ ਕ ਰਾ


| | | |
|---|---|---|
| ਸੇਵਕ ਕੀ ਓੜਕਿ ਨਿਬਹੀ ਪ੍ਰੀਤਿ | ੩ | ਮਾਰੂ ਮਹਲਾ ੫ |
| ਪੰਚਮ ਪਾਤਸ਼ਾਹ ਦੀ ਨਿਸ਼ਕਾਮ ਭਗਤੀ | ੪ | ਭਾ: ਸ: ਭਾਈ ਰਣਧੀਰ ਸਿੰਘ ਜੀ |
| ਜਿਨ੍ਹਾਂ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ | ੫ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਗੁਰਸਿੱਖੀ ਬਾਰੀਕ ਹੈ (੩) | ੭ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸੰਸਾਰ ਦੀਆਂ ਸ਼ਹੀਦੀ ਪਰੰਪਰਾਵਾਂ | ੧੦ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਅਸਚਰਜ ਸ਼ਰਧਾ | ੧੪ | ਪ੍ਰੋਫੈਸਰ ਸਾਹਿਬ ਸਿੰਘ ਜੀ ਡੀ.ਲਿਟ. |
| ਸਿਖ ਇਤਿਹਾਸ ਵਲੋਂ ਸਾਡੀ ਲਾ-ਪਰਵਾਹੀ | ੨੦ | ਕੈਪਟਿਨ ਸਵਰਨ ਸਿੰਘ ਜੀ |
| ਸਮੱਸਿਆ ਸਿੱਖ ਵਕਾਰ ਦੀ ਬਹਾਲੀ ਦੀ | ੨੪ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਪੰਥਕ ਏਕਤਾ | ੨੮ | ਸ: ਰਜਿੰਦਰ ਸਿੰਘ ਐਮ.ਏ. |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰ ਹਜ਼ੂਰ | ੨੯ | ਪੰਥਕ ਫ਼ੈਸਲਾ |
| ਤੂੰ ਆਪੇ ਦਸ ! | ੩੧ | ਸ: ਗੁਲਜ਼ਾਰ ਸਿੰਘ ਜੀ |
| ਸ੍ਰੀ ਹਰਿਮੰਦਰ ਸਾਹਿਬ ਦੀ ਸਾਜਨਾ ਦਾ ਪ੍ਰਯੋਜਨ | ੩੨ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੮) | ੩੩ | ਕੈਪਟਿਨ ਸਵਰਨ ਸਿੰਘ ਜੀ |
| ਨਿਜ ਪੰਥ ਚਲਾਇਓ ਖਾਲਸਾ | ੪੧ | ਸ: ਮਦਨ ਸਿੰਘ ਜੀ |


ਸ੍ਰੀ ਗੁਰੂ ਅਮਰਦਾਸ ਜੀ ਅਵਤਾਰ ਦਿਵਸ ੮ ਮਈ ਸ੍ਰੀ ਗੁਰੂ ਹਰਿਗੋਬਿੰਦ ਜੀ, ਗੁਰਿਆਈ ੧੯ ਮਈ

ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ (ਸ਼ਹੀਦੀ) ੨੭ ਮਈ

ਨੋਟ—ਥਾਂ ਦੀ ਤੰਗੀ ਕਰਕੇ ਕਈ ਕਵਿਤਾਵਾਂ ਛਪਣੋਂ ਰਹਿ ਗਈਆਂ ਹਨ

**ਆਪਣੇ ਨੇੜੇ 'ਸੂਰਾ' ਪਤਰ ਦੇ ਚੰਦੇ (ਨਵੇਂ ਰੇਟ) ਇਨ੍ਹਾਂ ਸੇਵਕਾਂ ਪਾਸ ਜਮ੍ਹਾ ਕਰਾ ਕੇ ਰਸ਼ੀਦ ਲਵੋ ਜੀ**

੧. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ

੨. ਜਲੰਧਰ—ਸ: ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ,

੩. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ

੪. ਲੁਧਿਆਣਾ—ਗਿਆਨੀ ਅਜੀਤ ਸਿੰਘ ਜੀ, ਵਿਯੋਗੀ ਨਿਕੇਤਨ, ਗਲੀ ਨੰ: ੭, ਫ਼ੀਲਡ ਗੰਜ

੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫ਼ੌਜਿੰਦਰ ਸਿੰਘ ਜੀ ੫੭੨/੩-ਏ ਫ਼ੇਜ਼, ਐਸ. ਏ. ਐਸ. ਨਗਰ, ਮੋਹਾਲੀ

੬. ਜ਼ਿਲਾ ਸੰਗਰੂਰ—ਪਿੰਡ ਰੋਹੀੜਾ (ਯੂ ਪੀ) ਘਲੂਘਾਰਾ, ਭਾਈ ਦਰਸ਼ਨ ਸਿੰਘ ਜੀ ਦਰਸ

੭. ਫ਼ਰੀਦਾਬਾਦ (ਹਰਿਆਣਾ)—ਭਾਈ ਮੋਹਨ ਸਿੰਘ ਜੀ, ਕੋਠੀ ਨੰਬਰ ੧੧੨੯, ਸੈਕਟਰ ੧੫

੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ

੯. ਕਾਨਪੁਰ —

੧੦. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖਾਲਸਾ, ਗਲੀ ਨੰ: ੨, ਕਾਜ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੫-੯੦ ਨੂੰ ਪ੍ਰਕਾਸ਼ਤ ਕੀਤਾ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਸਾਲਾਨਾ ਚੰਦਾ

ਦੇਸ ੨੦-੦੦

ਇਹ ਪਰਚਾ ੨-੦੦

ਪਰਦੇਸ (ਸਾਰੇ ਦੇਸ)

ਸਾਲਾਨਾ ਚੰਦਾ

ਸਮੁੰਦਰੀ ਡਾਕ ੪੦-੦੦

ਹਵਾਈ ਡਾਕ ੧੦੦-੦੦

Foreign Subscription

Sea Mail 40-00

Air Mail 100-00

ਅਮਾਨਤੀ

ਲਾਈਫ਼ ਮੈਂਬਰ

ਦੇਸ [illegible]੦੦-੦੦

ਪਰਦੇਸ (ਸਾਰੇ ਦੇਸ)

ਸਮੁੰਦਰੀ ਡਾਕ ੪੦੦-੦੦

ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੪ ਮਈ ੧੯੯੦ ਅੰਕ ੫


## ਸੇਵਕ ਕੀ ਓੜਕਿ ਨਿਬਹੀ ਪ੍ਰੀਤਿ

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੈ ਮਾਨਿਓ ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥੫॥

[ਮਾਰੂ ਮਹਲਾ ੫, ਪੰਨਾ ੧੦੦੦



www.AKJ.Org

# ਪੰਚਮ ਪਾਤਸ਼ਾਹ ਦੀ ਨਿਸ਼ਕਾਮ ਭਗਤੀ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਅਨੇਕਾਂ ਸ਼ਹੀਦੀਆਂ ਹੁੰਦੀਆਂ ਰਹੀਆਂ ਤੇ ਅਗਲੇ ਜੁਗਾਂ ਵਿਚ ਅਨੇਕ ਸ਼ਹੀਦੀਆਂ ਹੋਣਗੀਆਂ, ਪਰੰਤੂ ਗੁਰੂ ਅਰਜਨ ਸਾਹਿਬ ਜੀ ਦੀ ਨਿਸ਼ਕਾਮ ਸ਼ਹੀਦੀ ਦੇ ਮੁਕਾਬਲੇ ਵਿਚ ਸਭ ਹੇਠ ਹਨ ਅਤੇ ਹੇਠ ਹੀ ਰਹਿਣਗੀਆਂ। ਗੁਰੂ ਅਰਜਨ ਸਾਹਿਬ ਜੀ ਨੇ ਨਿਸ਼ਕਾਮ ਸ਼ਹੀਦੀ ਦੇ ਜੋ ਪੂਰਨੇ ਪਾਏ ਹਨ ਉਹ ਸੱਚ-ਮੁੱਚ ਹੀ ਅਦੁੱਤੀ ਹਨ। ਇਤਿਹਾਸਕਾਰਾਂ ਦੀਆਂ ਇਹ ਇਤਿਹਾਸ-ਕਾਰੀਆਂ ਬਿਲਕੁਲ ਗ਼ਲਤ ਹਨ ਕਿ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਕਿਸੇ ਪ੍ਰਕਾਰ ਦੇ ਸ੍ਵਾਰਥੀ ਮਨੋਰਥ ਲਈ ਇਹ ਸ਼ਹੀਦੀ ਦਾ ਰਮਜ਼ ਮਾਤਰ ਬੀੜਾ ਚੁਕਿਆ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਨਿਰੋਲ ਪ੍ਰਮਾਰਥ ਅਤੇ ਪ੍ਰਮਾਰਥੀ ਕਾਜ਼ ਲਈ ਹੀ ਇਹ ਪੂਰਨੇ ਪਾਏ। ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਸ ਵਕਤ ਦੇ ਦੁਨਿਆਵੀ ਬਾਦਸ਼ਾਹ ਅੱਗੇ ਰੰਚਕ ਮਾਤ੍ਰ ਭੀ ਕਾਣ-ਕਣੌਡੀ ਕਾਂਪ ਨਹੀਂ ਖਾਧੀ। ਜੇਕਰ ਗੁਰੂ ਅਰਜਨ ਸਾਹਿਬ ਜੀ ਰਾਮ ਰਾਇ ਦੀ ਨਿਆਈਂ ਅਮਰੀ ਅਜ਼ਲੀ ਗੁਰੂ ਬਾਣੀ ਨੂੰ ਉਲਟਾ ਦੇਣ ਲਈ ਤਿਆਰ ਹੋ ਜਾਂਦੇ ਤਾਂ ਉਨ੍ਹਾਂ ਦੇ ਉਪਰ ਅਨੇਕ ਪ੍ਰਕਾਰੀ ਦੁਨਿਆਵੀ ਨਿਆਮਤਾਂ ਵਰਸਦੀਆਂ। ਪਰੰਤੂ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਸੱਚੇ ਸ਼ਹੀਦਾਂ ਤੇ ਸਿਰਤਾਜ, ਉਨ੍ਹਾਂ ਨੇ ਬਪੜੀਆਂ ਮਾਇਕ ਸਿਕਦਾਰੀਆਂ ਦਾ ਭੋਰਾ ਮਾਤਰ ਭੀ ਪਰਵਾਹ ਨਹੀਂ ਕੀਤੀ ਅਤੇ ਆਪਣੇ ਸੱਚੇ ਸ਼ਹੀਦੀ ਮਿਸ਼ਨ ਤੇ ਡੱਟੇ ਰਹੇ। ਸੱਚ ਮੁੱਚ ਸੱਚੇ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੇ ਇਹ ਪੂਰਨੇ ਜੋ ਸੱਚੀ ਸ਼ਹੀਦੀ ਦੇ ਪਾਏ, ਉਹ ਅਸਾਂ ਲਰਜ਼ਸ਼ ਖਾਂਦਿਆਂ ਗੁਰਸਿੱਖਾਂ ਦੇ ਸਿਦਕ-ਭਰੋਸੇ ਨੂੰ ਕਾਇਮ ਰੱਖਣ ਲਈ ਪਾਏ। ਵਕਤ ਦੇ ਨਾਦਰ-ਗਰਦ ਬਾਦਸ਼ਾਹ ਨੇ ਅਨੇਕਾਂ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਵਾਕਾਂ ਨੂੰ ਪਲਟਾਉਣ ਲਈ ਗੁਰੂ ਸਾਹਿਬ ਅੱਗੇ ਦਰਖ਼ਾਸਤ ਕੀਤੀ, ਪਰੰਤੂ ਧੰਨ ਗੁਰੂ ਅਰਜਨ ਸਾਹਿਬ ਕਿ ਉਨ੍ਹਾਂ ਨੇ ਅਨੇਕ ਬਾਰਨੀ ਦਰਖ਼ਾਸਤ ਨੂੰ ਹਰ ਬਾਰ ਰੱਦੀ ਦੀ ਟੋਕਰੀ ਵਿੱਚ ਹੀ ਸੁੱਟ ਪਾਇਆ। ਇਤਿਹਾਸਕਾਰਾਂ ਦੀ ਬਾਤ ਭੀ ਗ਼ਲਤ ਹੈ ਕਿ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਖ਼ੁਦ ਬੁਰਛਾਗਰਦ ਬਾਦਸ਼ਾਹਾਂ ਦੇ ਪਾਸ ਲੈ ਕੇ ਪਹੁੰਚੇ। ਬਲਕਿ ਇਹ ਵਾਰਤਾ ਐਨ ਗੁਰਮਤਿ ਅਨੁਸਾਰ ਢੁਕਦੀ ਹੈ ਤੇ ਸੱਚਾਈ ਦੀ ਕਸੌਟੀ ਉਤੇ ਪਰਖੀ ਜਾ ਕੇ ਠੀਕ ਉਤਰਦੀ ਹੈ ਕਿ ਜਹਾਂਗੀਰ ਜੈਸੇ ਉੱਚ ਦੁਨਿਆਵੀ ਬਾਦਸ਼ਾਹ ਖ਼ੁਦ ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਏ। ਗੁਰੂ ਕੀ ਨਗਰੀ ਵਿਖੇ ਆ ਕੇ ਹੀ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਗੁਰਬਾਣੀ ਦਾ ਮੁਆਇਨਾ ਕੀਤਾ ਅਤੇ ਬਿਲਕੁਲ ਕੱਸੇ ਨਿਕਲੇ ਅਤੇ ਆਪਣੇ ਜੈਸਾ ਮੂੰਹ ਲੈ ਕੇ ਹੀ ਵਾਪਸ ਚਲੇ ਗਏ। ਇਸ ਹੋਈ ਹੱਤਕ ਨੂੰ ਮਹਿਸੂਸ ਕਰ ਕੇ ਅੱਤਿਆਚਾਰੀ ਦੁਨਿਆਵੀ ਬਾਦਸ਼ਾਹ ਨੇ ਅਨੇਕ ਪ੍ਰਕਾਰੀ ਤਨ-ਤਸੀਹੇ ਦੇਣ ਲਈ ਆਪਣੇ ਮੁਤਅੱਸਬੀ ਤੇ ਸ਼ਰਾਰਤੀ ਦੀਵਾਨ ਚੰਦੂ ਮੱਲ ਨੂੰ ਪ੍ਰੇਰਿਆ। ਉਸ ਕੂੜਾਵੇ ਚੰਦੂ ਨੇ ਆਪਣੀ ਕਿੱਸ ਕੱਢਣ ਲਈ ਇਹ ਨਾਦਰ ਮੌਕਾ ਸਮਝਿਆ ਕਿ ਜਿਤਨੇ ਭੀ ਤਨ-ਤਸੀਹੇ ਗੁਰੂ ਸਾਹਿਬ ਨੂੰ ਦਿਤੇ ਜਾਣ ਉਨੇ ਹੀ ਉਸ ਦੇ ਮਨ ਦੀ ਖਾਰ ਕੱਢਣ ਲਈ ਹੋਣਗੇ। ਇਹ ਬਾਤ ਬਿਲਕੁਲ ਗ਼ਲਤ ਹੈ ਕਿ ਚੰਦੂ ਨੇ ਆਪਣੀ ਨਿਜ ਖਾਰ ਕਢਣ ਲਈ ਸ਼ਹੀਦਾਂ ਦੇ ਸਿਰਤਾਜ ਗੁਰੂ ਸਾਹਿਬ ਜੀ ਉਪਰ ਇਹ ਵਾਰ ਕੀਤੇ। ਜੋ ਹੋਇਆ ਸੋ ਉਸ ਸਮੇਂ ਦੇ ਨਾਦਰ-ਗਰਦ ਬਾਦਸ਼ਾਹ ਜਹਾਂਗੀਰ ਦੇ ਇਸ਼ਾਰੇ ਨਾਲ ਹੋਇਆ। ਗੁਰੂ ਸਾਹਿਬ ਉਪਰ ਵਕਤ ਦੇ ਬਾਦਸ਼ਾਹ ਜਹਾਂਗੀਰ ਦੀ ਬਹੁਤੀ ਇਹ ਕੀਨਾ-ਦੋਜ਼ੀ ਸੀ ਕਿ ਗੁਰੂ ਸਾਹਿਬ ਜੀ ਨੇ ਉਸ ਦੀ ਮਰਜ਼ੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਗੁਰਵਾਕ ਕਿਉਂ ਨਾ ਪਲਟ ਦਿਤੇ। ਬੱਸ ਏਸੇ, ਕੇਵਲ ਏਸ ਖਾਰ ਦੀ ਖ਼ਾਤਰ ਗੁਰੂ ਸਾਹਿਬ ਗੁਰੂ ਅਰਜਨ ਸਾਹਿਬ ਜੀ ਨੂੰ ਤਨ-ਤਸੀਹੇ ਮਿਲੇ। ਗੁਰੂ ਸਾਹਿਬ ਸੱਚੇ ਪਾਤਸ਼ਾਹ ਤਾਂ ਅੱਗੇ ਹੀ ਕੂੜਾਵੇ ਸਰੀਰ ਦਾ ਠੀਕਰਾ ਕੂੜਾਵੀ ਦੁਨਿਆਵੀ ਹਵਸ-ਗ਼ਰਦੀ, ਹਵਸ ਅਤੇ ਤਮ੍ਹਾ ਉਪਰ ਭੰਨ ਦੇਣਾ ਚਾਹੁੰਦੇ ਸਨ ਅਤੇ ਸੁਖਮਨੀ ਸਾਹਿਬ ਦੀ ਸੱਚੀ ਬਾਣੀ ਵਿੱਚ ਬ੍ਰਹਮ-ਗਿਆਨੀ ਦੇ ਲੱਛਣਾਂ ਚੀ ਪਰਖ ਬਦਲੇ ਇਹ ਸੱਚੀ ਕੁਰਬਾਨੀ ਦੇਣਾ ਚਾਹੁੰਦੇ ਸਨ, ਜੋ ਪ੍ਰਮਾਰਥੀ ਪੁਰਸ਼ਾਂ ਲਈ ਤੁਛ ਮਾਤਰ ਹੁੰਦੀ ਹੈ।



www.AKJ.Org

# ਭਾਣੇ ਨੂੰ ਮਿੱਠਾ ਕਰ ਕੇ ਮੰਨਿਆ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਭਾਣੇ ਨੂੰ ਮਿੱਠਾ ਕਰ ਕੇ ਮੰਨਣਾ ਵੀ ਇਕ ਤਰ੍ਹਾਂ ਦਾ ਆਤਮ-ਬਲੀਦਾਨ ਹੈ। ਜੇਕਰ ਸ਼ਹਾਦਤ ਇਕ ਇਲਾਹੀ ਦਾਤ ਹੈ ਤਾਂ ਭਾਣਾ ਮੰਨਣ ਦਾ ਬਲ ਵੀ ਇਕ ਮਿਹਰਾਮਤ ਹੈ। ਸਿਦਕ ਦੀ ਭੱਠੀ ਵਿਚ ਤਪ ਕੇ ਸ਼ੁੱਧ ਹੋਏ ਮਨ ਹੀ ਇਸ ਦਾਤ ਦੇ ਅਧਿਕਾਰੀ ਹੁੰਦੇ ਹਨ। ਅਧਿਆਤਮ ਦੇ ਉਚੇਰੇ ਮੰਡਲਾਂ ਵਿਚ ਜਦੋਂ ਵਾਹਿਗੁਰੂ ਜੀ ਨਾਲ ਗੁਰਸਿਖ ਦੇ ਸੰਬੰਧ ਨਿੱਜਤਾ ਤੇ ਨੇੜਤਾ ਦੇ ਹੋ ਜਾਂਦੇ ਹਨ ਤਾਂ ਉਹ ਸੁਭਾਵਕ ਹੀ ਭਾਣਾ ਮੰਨਣ ਦੀ ਅਵਿਰਲ ਬਿਰਤੀ ਵਿਚ ਰਹਿੰਦੇ ਹਨ, ਕਿਉਂਕਿ ਉਹ ਜਾਣਦੇ ਹਨ :

ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ। —ਗੂਜਰੀ ਮ: ੫ (੪੯੬-੧੧)

ਮਨੁੱਖ ਪਾਸ ਰੱਬ ਦਾ ਹੁਕਮ ਜਾਣਨ ਦੀ ਜੋਗਤਾ ਨਹੀਂ, ਪਰ ਇਸ ਹੁਕਮ ਨੂੰ ਮੰਨਣਾ ਉਸ ਲਈ ਅਨਿਵਾਰੀ ਹੈ। ਇਸ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਦੰਮ ਮਾਰਨ ਦੀ ਕੋਈ ਗੁੰਜਾਇਸ਼ ਨਹੀਂ ਹੋਂਦੀ। ਜੋ ਇਸ ਭਾਵੀ ਨੂੰ ਸ੍ਵੀਕਾਰ ਕਰਦੇ ਹਨ, ਹੁਕਮ ਪਛਾਣਦੇ ਹਨ। ਗੁਰਮਤਿ ਅਨੁਸਾਰ ਓਹੋ ਬੰਦੇ ਹਨ।[1]

ਭਾਣਾ ਮੰਨਣ ਦਾ ਅਰਥ ਹੈ, ਵਾਹਿਗੁਰੂ ਦੇ ਹੁਕਮ ਨੂੰ ਖ਼ੁਸ਼ੀ ਖ਼ੁਸ਼ੀ, ਸਿਰ ਮੱਥੇ ਮੰਨਣਾ। ਆਪਣੇ ਮਨ ਦੀ ਮਰਜ਼ੀ ਤਿਆਗ ਕੇ[2] ਖਿੜੇ ਮੱਥੇ ਆਪਣੇ ਆਪ ਨੂੰ ਅਕਾਲ ਪੁਰਖ ਦੀ ਆਗਿਆ ਦੇ ਹਵਾਲੇ ਕਰਨਾ ਹੈ।[3] ਮਨੁੱਖ ਵਾਹਿਗੁਰੂ ਦੇ ਭਾਣੇ ਅੰਦਰ ਜੰਮਦਾ ਤੇ ਭਾਣੇ ਅੰਦਰ ਹੀ ਜ਼ਿੰਦਗੀ ਦੀ ਯਾਤ੍ਰਾ ਪੂਰੀ ਕਰ ਇਸ ਅਸਾਰ ਸੰਸਾਰ ਤੋਂ ਚਲਾ ਜਾਂਦਾ ਹੈ। ਆਪਣੀ ਮਰਜ਼ੀ ਨਾਲ ਨ ਕੋਈ ਆ ਸਕਦਾ ਹੈ ਨ ਜਾ ਸਕਦਾ ਹੈ। ਜਿੱਚਰ ਜੀਊਂਦਾ ਹੈ, ਦੁਖ ਸੁਖ ਭੋਗਦਾ ਹੈ, ਜੋ ਭਾਣੇ ਅੰਦਰ ਹੀ ਉਸਨੂੰ ਵਾਪਰਦੇ ਹਨ। ਇਸੇ ਭਾਣੇ ਵਿਚ, ਜਿਸ ਨੂੰ ਕਦੇ 'ਹੁਕਮ' ਤੇ ਕਦੇ 'ਰਜ਼ਾ' ਆਖਿਆ ਹੈ, ਹਰ ਕੋਈ ਬੱਝਾ ਹੋਇਆ ਹੈ। ਇਸ ਤੋਂ ਬਾਹਰ ਕੁਝ ਵੀ ਨਹੀਂ, ਕੋਈ ਵੀ ਨਹੀਂ। ਇਹ ਹੁਕਮ ਬਿਨਾ ਕਿਸੇ ਛੋਟ ਦੇ, ਹਰੇਕ ਉਪਰ ਇਕਸਾਰ ਲਾਗੂ ਹੈ।

ਕਿਸੇ ਸੰਕਟ ਵੇਲੇ ਹੀ ਭਾਣਾ ਮੰਨਣ ਦੀ ਅਜ਼ਮਾਇਸ਼ ਸਭ ਤੋਂ ਵੱਧ ਹੁੰਦੀ ਹੈ। ਅਸੀਂ ਆਮ ਤੌਰ ਤੇ ਸੰਕਟ ਦੀ ਨਿਵਿਰਤੀ ਲਈ ਹੀ ਅਰਦਾਸ ਕਰਦੇ ਹਾਂ। ਇਉਂ ਅਸੀਂ ਆਪਣੀ ਮਰਜ਼ੀ ਖ਼ਾਤਰ ਵਾਹਿਗੁਰੂ ਜੀ ਦੀ ਸ਼ਕਤੀ ਨੂੰ ਵਰਤਣਾ ਲੋਚਦੇ ਹਾਂ। ਜੋ ਗੁਰਮੁਖ ਭਾਣੇ ਵਿਚ ਰਹਿੰਦਿਆਂ ਹੋਇਆਂ ਸੰਕਟ ਨੂੰ ਸਹਿ ਗੁਜ਼ਰਨ ਜੋਗੀ ਸ਼ਕਤੀ ਲਈ ਅਰਦਾਸ ਕਰਦੇ ਹਨ, ਉਹ ਉਚੇਰੀ ਪੱਧਰ ਦੀ ਅਰਦਾਸ ਕਰਦੇ ਹਨ। ਜਿਹੜੇ ਮਹਾਂਪੁਰਖ ਦੁਖ ਵਿਚ ਸੁਖ ਮਨਾ ਕੇ ਸੰਕਟ ਨੂੰ ਵੀ ਵਾਹਿਗੁਰੂ ਜੀ ਦੀ ਹੀ ਦਾਤ ਮੰਨ ਕੇ ਸ਼ੁਕਰਾਨੇ ਦੀ ਅਰਦਾਸ ਕਰਦੇ ਹਨ, ਉਹ ਇਸ ਤੋਂ ਵੀ ਉਚੇਰੀ ਅਰਦਾਸ ਕਰਦੇ ਹਨ। ਭਾਣੇ ਨੂੰ ਮਿੱਠਾ ਕਰ ਕੇ ਮੰਨਣ ਵਾਲੇ ਐਸੇ ਮਹਾਪੁਰਖ ਹਰ ਹਾਲ 'ਸਦਾ ਵਿਗਾਸ' ਵਿਚ ਰਹਿੰਦੇ ਹਨ।

੧. ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ। —ਪ੍ਰਭਾਤੀ ਕਬੀਰ (੧੩੫੦-੩)
੨. ਤਿਆਗੇ ਮਨ ਕੀ ਮਤੜੀ ਵਿਸਾਰੇ ਦੂਜਾ ਭਾਉ ਜੀਉ। —ਸੂਹੀ ਮ: ੫ (੭੬੩-੫)
੩. ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ। —ਮਾਰੂ ਮ: ੫ (੧੦੦੦-੩)

✿ ਦੁਨਿਆਵੀ ਤਮ੍ਹਾ ਵਾਲਾ ਹਰ ਇਕ ਇਨਸਾਨ ਇਹ ਸੱਚੀ ਕੁਰਬਾਨੀ ਨਹੀਂ ਦੇ ਸਕਦਾ, ਜਦ ਤਕ ਕਿ ਉਸ ਦੇ ਰੋਮ-ਰੋਮ ਅੰਦਰ ਸੱਚੀ ਸ਼ਹੀਦੀ-ਸਪਿਰਟ ਨਾ ਸਮਾਈ ਹੋਵੇ। ਹੋਰ ਤਾਂ ਕੀ ਕਹਿਣਾ ਹੈ ਕਿ ਰਾਮ ਰਾਇ ਸਾਰਖੇ ਗੁਰੂ-ਘਰ ਵਿਖੇ ਪਲੇ ਹੋਏ ਭੀ ਸੁਆਰਥ-ਗਰਦੀ ਦੀ ਕਾਂਪ ਖਾ ਗਏ ਅਤੇ ਹਮੇਸ਼ਾ ਲਈ ਗੁਰੂ-ਘਰ ਦੇ ਸਿੱਖਾਂ ਦੀਆਂ ਨਜ਼ਰਾਂ ਵਿਚ ਮਨਜ਼ੂਰ ਨਾ ਪਏ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਏਸੇ ਕਰਕੇ ਹੀ ਸੱਚੀ ਅਤੇ ਨਿਸ਼ਕਾਮ ਗਰਦਾਨੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਨੇ ਆਪਣੇ ਸ੍ਵਾਰਥੀ ਕਿਸੇ ਮਤਲਬ ਖ਼ਾਤਰ ਯਾ ਕੂੜਾਵੇ ਤਨ ਦੀ ਰੱਖਿਆ ਖ਼ਾਤਰ ਇਹ ਧਾਰਨਾ ਨਹੀਂ ਧਾਰੀ ਅਤੇ ਆਪਣੇ ਗੁਰੂ-ਦਰਸਾਏ ਗੁਰਵਾਕਾਂ ਉਤੇ ਪਰਬਤ ਦੀ ਨਿਆਈਂ ਅਟੱਲ ਰਹੇ।

['ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ]



www.AKJ.Org

ਜਿਨ੍ਹਾਂ ਨੂੰ ਇਹ ਪ੍ਰਤੀਤ ਆ ਜਾਂਦੀ ਹੈ ਕਿ ਮਨੁੱਖ ਦੇ ਕੀਤਿਆਂ ਕੁਝ ਵੀ ਨਹੀਂ ਹੋਂਦਾ[1], ਉਹ ਸਹਿਜੇ ਹੀ ਆਤਮ-ਸਮਰਪਨ ਦੀ ਅਵਸਥਾ ਵਿਚ ਚਲੇ ਜਾਂਦੇ ਹਨ। ਫਿਰ ਉਹ ਨ ਦੁਖ ਵਿਚ ਉਲਾਰ ਹੋਂਦੇ ਹਨ, ਨ ਸੁਖ ਵਿਚ। ਦੁੱਖਾਂ ਨੂੰ ਵੀ ਸੁੱਖਾਂ ਵਾਂਗ ਪਰਵਾਨ ਕਰਦੇ ਹਨ। ਕਦੇ ਮਾਲਕ ਅੱਗੇ ਰੋਸ ਨਹੀਂ ਕਰਦੇ। ਕਦੇ ਉਸ ਨੂੰ ਉਲਾਹਮਾ ਨਹੀਂ ਦੇਂਦੇ।[2] ਸਗੋਂ ਉਸ ਦੀ ਰਜ਼ਾ ਨੂੰ 'ਵਾਹ! ਵਾਹ!' ਹੀ ਕਹਿੰਦੇ ਹਨ:

ਤੂ ਹੈ ਹੈ ਵਾਹੁ ਤੇਰੀ ਰਜਾਇ। –ਪ੍ਰਭਾਤੀ ਮ: ੧ (੧੩੨੯-੧੧)

ਉਹ ਆਪਣੀਆਂ ਸਮੱਸਤ ਆਸਾਂ ਸਮੇਟ ਕੇ ਉਸ ਮਾਲਕ ਅੱਗੇ ਢੇਰੀ ਕਰ ਦੇਂਦੇ ਹਨ ਜਿਸ ਨੇ ਉਹ ਦਿੱਤੀਆਂ ਹਨ:–ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ। –ਪ੍ਰਭਾਤੀ ਮ: ੧ (੧੩੨੯-੧੫)

ਫਿਰ ਇਹ ਸੌਂਪਣਾ ਕਰ ਕੇ, ਆਸਾ, ਮਨਸਾ, ਡਰ, ਤੌਖਲੇ ਆਦਿਕ ਤੋਂ ਉਪਰ ਉਠ ਜਾਂਦੇ ਹਨ ਤੇ ਨਿਰਬਾਣ ਪਦ ਵਿਚ ਵਿਚਰਦੇ ਹਨ। ਸੰਸਾਰ ਵਿਚ ਵਸਦਿਆਂ ਰਸਦਿਆਂ ਵੀ ਮਾਇਆ ਤੋਂ ਉਪਰਾਮ ਰਹਿੰਦੇ ਹਨ। ਗ੍ਰਿਹਸਤ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਵੀ ਮੋਹ ਵਿਚ ਨਹੀਂ ਖੁਭਦੇ। ਆਸ ਪਾਸ ਵਾਪਰਦੇ ਸਭ ਕਾਸੇ ਨੂੰ ਆਪਣੇ ਪਰਮ ਮਿੱਤਰ ਦੇ ਚੋਜ ਕਰ ਵੇਖਦੇ ਹਨ ਤੇ ਕਰਤਬ ਵੇਖ ਵੇਖ ਵਿਗਸਦੇ ਹਨ।[3]

ਭਾਣੇ ਨੂੰ ਮਿੱਠਾ ਕਰ ਕੇ ਮੰਨਣ ਵਾਲੇ ਸਿਦਕੀ ਜੀਊੜੇ ਜੱਲਾਦ ਦੀ ਤਲਵਾਰ ਹੇਠਾਂ ਵੀ 'ਸਤਿ ਸ੍ਰੀ ਅਕਾਲ' ਦੇ ਨਾਅਰੇ ਲਾਉਂਦੇ ਹਨ। ਆਰਿਆਂ ਨਾਲ ਤਨ ਚਿਰਵਾਉਂਦਿਆਂ ਵੀ ਗੁਰਬਾਣੀ ਦਾ ਪਾਠ ਕਰਦੇ ਹਨ। ਚਰਖ਼ੜੀਆਂ ਤੇ ਚੜ੍ਹਦਿਆਂ ਵੀ 'ਅਕਾਲ! ਅਕਾਲ!' ਉਚਾਰਦੇ ਹਨ। ਦੇਗਾਂ ਵਿਚ ਉਬਲਦਿਆਂ ਵੀ ਸਿਮਰਨ ਵਿਚ ਜੁੜਦੇ ਹਨ। ਖੋਪਰੀਆਂ ਉਤਰਵਾਉਂਦਿਆਂ ਵੀ ਸੁਖਮਨੀ ਨੂੰ ਪਿਆਰਦੇ ਹਨ।

ਇਹਨਾਂ ਮਹਾਨ ਸ਼ਹੀਦਾਂ ਦੇ ਪਰਿਵਾਰ ਵੀ ਸਾਡੇ ਲਈ ਪ੍ਰੇਰਨਾ ਦਾ ਮਹਾਨ ਸ੍ਰੋਤ ਹਨ, ਜਿਨ੍ਹਾਂ ਸ਼ਹੀਦੀ 'ਤੇ ਦੁੱਖ ਨਹੀਂ ਮਨਾਇਆ, ਸਗੋਂ ਗੌਰਵ ਪ੍ਰਤੀਤ ਕੀਤਾ। ਵਾਹਿਗੁਰੂ ਜੀ ਦਾ ਸ਼ੁਕਰਾਨਾ ਹੀ ਅਦਾ ਕੀਤਾ। ਇਹ ਸ਼ੁਕਰਾਨਾ ਸ਼ਰਧਾਂਜਲੀ ਹੈ ਉਸ ਪੰਥ ਦੇ ਵਾਲੀ ਨੂੰ, ਜਿਸ ਨੇ ਸਾਰਾ ਪਰਿਵਾਰ ਸ਼ਹੀਦ ਕਰਵਾ ਕੇ ਵੀ ਏਹੋ ਆਖਿਆ:

ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਣਾ। –ਸ਼ਬਦ ਹਜ਼ਾਰੇ ਪਾ: ੧੦

ਭਾਣਾ ਤਾਂ ਹਰ ਕਿਸੇ ਨੂੰ ਮੰਨਣਾ ਪੈਂਦਾ ਹੈ। ਪਰ, ਅਸੀਂ ਬਹੁਤ ਕਰ,ਰੋ ਪਿਟ ਕੇ ਹੀ ਮੰਨਦੇ ਹਾਂ। ਪਰ ਕਰਣੀ ਵਾਲੇ ਵਿਰਲੇ ਸਾਦਕ ਐਸੇ ਹੁੰਦੇ ਹਨ, ਜੋ ਬਿਖਮ ਤੋਂ ਬਿਖਮ ਤੋਂ ਬਿਖਮ ਭਾਣੇ ਨੂੰ ਵੀ ਮਿੱਠਾ ਕਰ ਕੇ ਮੰਨਦੇ ਹਨ।[4] ਐਸੇ ਮਹਾ ਪੁਰਖਾਂ ਨੂੰ ਹੀ ਅਰਦਾਸ ਵਿਚ ਸ਼ਰਧਾਂਜਲੀ ਅਰਪਣ ਕੀਤੀ ਜਾਂਦੀ ਹੈ। ["ਅਰਦਾਸ" ਪੁਸਤਕ ਵਿਚੋਂ

੧. ਮੇਰਾ ਕੀਆ ਕਛੂ ਨ ਹੋਇ। ਕਰਿ ਹੈ ਰਾਮੁ ਹੋਇ ਹੈ ਸੋਇ। —ਭੈਰਉ ਨਾਮਦੇਵ (੧੧੬੫-੧੫)
੨. ਉਲਾਹਨੋ ਮੈ ਕਾਹੂ ਨ ਦੀਓ। ਮਨ ਮੀਠ ਤੁਹਾਰੋ ਕੀਓ। —ਨਟ ਨਾਰਾਇਨ ਮ: ੫ (੯੭੮-੧੫)
੩. ਮੀਤੁ ਕਰੈ ਸੋਈ ਹਮ ਜਾਨਾ। ਮੀਤ ਕੇ ਕਰਤਬ ਕੁਸਲ ਸਮਾਨਾ। —ਗਉੜੀ ਮ: ੫ (੧੮੭-੧੭)
੪. ਤੇਰਾ ਕੀਆ ਮੀਠਾ ਲਾਗੈ। ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ। —ਆਸਾ ਮ: ੫(੩੯੪-੪)

---

[ਸਫ਼ਾ ੯ ਦੀ ਬਾਕੀ]

ਬੱਧਾ ਚੱਟੀ ਕੀਰਤਨ, ਬੱਧਾ ਚੱਟੀ ਬਾਣੀ ਦਾ ਪਾਠ, ਬੱਧਾ ਚੱਟੀ ਹੀ ਸਿੱਖ ਆਪਣੇ ਧਰਮ ਕਰਮ ਕਰਦਾ ਹੈ, ਇਸ ਲਈ ਕੌਮ ਨਿਘਰ ਕੇ ਨਿਤਾਣੀ ਹੋ ਰਹੀ ਹੈ:–

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥
ਸੇਤੀ ਖੁਸੀ ਸਵਾਰੀਐ, ਨਾਨਕ, ਕਾਰਜੁ ਸਾਰੁ ॥੩॥੭॥ (ਮ: ੨, ਪੰਨਾ ੭੮੭)

ਗੁਰੂ ਦੇ ਦਰਸ਼ਨਾਂ ਦਾ ਚਾਉ ਇਤਨਾ ਪ੍ਰਬਲ ਹੋਵੇ, ਜਿਵੇਂ ਮਾਸੂਮ ਬੱਚਾ ਆਪਣੀ ਮਾਂ ਨੂੰ ਦੇਖ ਕੇ ਪ੍ਰਸੰਨ ਹੁੰਦਾ ਹੈ:–

ਗੁਰਿ ਡੀਠੈ ਗੁਰ ਕਾ ਸਿਖੁ ਬਿਗਸੈ, ਜਿਉ ਬਾਰਿਕੁ ਦੇਖਿ ਮਹਿਤਾਰੀ ॥੩॥ (ਮਲਾਰ ਮ: ੪–੧੨੬੩)

ਸੁਆਸ ਸੁਆਸ ਨਾਮ ਉਹ ਜਪ ਸਕਦਾ ਹੈ ਜਿਸ ਅੰਦਰ ਅਗੰਮੀ ਚਾਉ ਹੋਵੇ।



www.AKJ.Org

# ਗੁਰਸਿੱਖੀ ਬਾਰੀਕ ਹੈ (੩)

[ਪ੍ਰੋਫੈਸਰ ਗੁਰਮੁਖ ਸਿੰਘ ਜੀ]

ਚਾਉ ਜਾਂ ਚਾਏ ਦੇ ਅਰਥ ਹਨ ਮਨ ਦੀ ਖੇੜੇ ਦੀ ਅਵਸਥਾ, ਖੁਸ਼ੀ ਜਾਂ ਹੁਲਾਸ । ਸਤਿਗੁਰੂ ਸਾਹਿਬਾਨ ਦੇ ਸਮਕਾਲੀ ਸਿੱਖ ਸਦਾ ਖੇੜੇ ਵਿਚ ਵਿਚਰਦੇ ਸਨ। ਇਸ ਗੱਲ ਦਾ ਪਤਾ ਗੁਰ-ਇਤਿਹਾਸ ਤੋਂ ਲਗਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ੭੩ ਸਾਲ ਦੀ ਉਮਰ ਤਕ ੧੨ ਸਾਲ ਨਿੱਤ ਅੰਮ੍ਰਿਤ ਵੇਲੇ ਬਿਆਸਾ ਦਰਿਆ ਤੋਂ ਖਡੂਰ ਸਾਹਿਬ ਜਲ ਲਿਆਉਣਾ ਤੇ ਹਜ਼ੂਰ ਨੂੰ ਇਸ਼ਨਾਨ ਕਰਾਉਣਾ ਕਿਸੇ ਚਾਉ ਸਦਕਾ ਹੀ ਹੋ ਸਕਦੈ। ਅਨੇਕਾਂ ਗੁਰੂ ਪਿਆਰੇ ਲੰਗਰ ਦੀ ਚਾਉ ਵਿਚ ਸੇਵਾ ਕਰਦੇ ਸਨ। ਭਾਈ ਮੰਝ ਦਾ ਸਖੀ ਸਰਵਰ ਨੂੰ ਛੱਡ ਕੇ ਸਿੱਖੀ ਧਾਰਨ ਕਰਨਾ ਅਤੇ ਬਾਵਜੂਦ ਅੰਤਾਂ ਦੀਆਂ ਮੁਸੀਬਤਾਂ ਦੇ, ਚਾਉ ਤੋਂ ਬਿਨਾਂ ਕਿਵੇਂ ਹੋ ਸਕਦੈ ? ਦਿਹਾੜੀਦਾਰ ਮਜ਼ਦੂਰ ਤਾਂ ਅਜਿਹੀ ਕਰੜੀ ਘਾਲ ਵੇਖ ਕੇ ਹੀ ਮੈਦਾਨ ਛਡ ਜਾਂਦੇ ਹਨ, ਫਿਰ ਸਾਲਾਂ ਬੱਧੀ ਸੇਵਾ ਕਰੀ ਜਾਣਾ ਕਿਸੇ ਚਾਉ ਸਦਕਾ ਹੀ ਹੋ ਸਕਦਾ, ਕਿਉਂਕਿ ਉਹਨਾਂ ਨੇ ਚਾਉ ਖੇੜੇ ਤੋਂ ਬਿਨਾਂ ਹੋਰ ਕੁਝ ਮੰਗਿਆ ਹੀ ਨਹੀਂ ।

ਹੋਰ ਤਾਂ ਹੋਰ, ਸਤਿਗੁਰਾਂ ਦੇ ਸਾਹਿਬਜ਼ਾਦਿਆਂ ਬਾਬਾ ਸਿਰੀ ਚੰਦ (ਸ੍ਰੀ ਗੁਰੂ ਨਾਨਕ ਦੇਵ ਜੀ ਦੇ) ਬਾਬਾ ਦਾਸੂ ਜੀ ਤੇ ਦਾਤੂ (ਸ੍ਰੀ ਗੁਰੂ ਅੰਗਦ ਦੇਵ ਜੀ ਦੇ) ਵਿਚ ਗੁਰੂ ਕੇ ਸਿਖਾਂ ਦੇ ਮੁਕਾਬਲੇ ਤੇ ਘਟ ਚਾਉ ਸੀ, ਤਾਂ ਹੀ ਤਾਂ ਸਤੇ ਬਲਵੰਡ ਕੀ ਵਾਰ ਵਿਚ ਜ਼ਿਕਰ ਹੈ–

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ ॥
ਦਿਲਿ ਖੋਟੈ ਆਕੀ ਫਿਰਨਿ੍ ਬੰਨ੍ਹ ਭਾਰੁ ਉਚਾਇਨਿ੍ ਛਟੀਐ ॥੨॥ (ਪੰਨਾ ੯੬੭)

ਪੁਤਰਾਂ ਨੇ ਸਤਿਗੁਰਾਂ ਦੇ ਹੁਕਮ ਅਗੇ ਸਿਰ ਨਾ ਨਿਵਾਇਆ, ਕਿਉਂਕਿ ਅੰਦਰ ਚਾਉ ਨਹੀਂ ਸੀ। ਜੇਕਰ ਅੰਦਰ ਸਤਿਗੁਰਾਂ ਪ੍ਰਤੀ ਗੁਰਸਿਖਾਂ ਵਾਲੀ ਸ਼ਰਧਾ, ਪ੍ਰੇਮ ਅਤੇ ਚਾਉ ਨ ਹੋਵੇ ਤਾਂ ਕੋਈ ਕੀ ਸੇਵਾ ਕਰ ਸਕਦੈ ? ਕੀ ਕੋਈ ਚਾਉ ਤੋਂ ਬਿਨਾਂ ਸਤਿਗੁਰਾਂ ਲਈ ਜਾਂ ਧਰਮ ਲਈ ਸ਼ਹੀਦੀਆਂ ਪਾ ਸਕਦੈ ? ਕਦਾਚਿਤ ਨਹੀਂ ।

ਭਾਈ ਡੱਲੇ ਨੂੰ ਆਪਣੀ ਤਨਖਾਹਦਾਰ ਫੌਜ ਤੇ ਬੜਾ ਮਾਣ ਸੀ, ਪਰ ਉਸ ਫੌਜ ਵਿਚ ਉਹ ਚਾਉ-ਉਮਾਹ ਨਹੀਂ ਸੀ ਜੋ ਗੁਰੂ ਕੇ ਸਿਖ-ਸੇਵਕਾਂ ਵਿਚ ਸੀ। ਤਨਖਾਹਦਾਰਾਂ ਵਿਚ, ਚਾਹੇ ਫੌਜਾਂ ਵਿਚ ਹੋਣ, ਚਾਹੇ ਗੁਰਧਾਮਾਂ ਤੇ ਹੋਣ, ਉਹਨਾਂ ਵਿਚ ਆਪਣੇ ਮਾਲਕ ਪ੍ਰਤੀ ਚਾਉ ਅਤੇ ਭਾਉ ਦੀ ਹੌਲੀ ਹੌਲੀ ਅਣਹੋਂਦ ਹੁੰਦੀ ਚਲੀ ਜਾਂਦੀ ਹੈ ਅਤੇ ਅੰਤ ਵਿਚ ਉਹ ਕੇਵਲ ਵਪਾਰਕ ਅਦਾਰੇ ਦੇ ਕਰਮਚਾਰੀ ਹੀ ਹੋ ਨਿਬੜਦੇ ਹਨ। ਉਨ੍ਹਾਂ ਦਾ ਨਿਸ਼ਾਨਾ ਤਾਂ ਕੇਵਲ ਇਹ ਹੁੰਦਾ ਹੈ– ਸੇਵਾ ਥੋਰੀ, ਮਾਗਨੁ ਬਹੁਤਾ ॥੧॥ (ਸੂਹੀ ਮ: ੫–੭੩੮)

ਡੱਲਾ ਦਸਵੇਂ ਪਾਤਸ਼ਾਹ ਜੀ ਨੂੰ ਕਦੀ ਕਦੀ ਯਾਦ ਕਰਵਾ ਦਿਆ ਕਰੇ, "ਸਚੇ ਪਾਤਸ਼ਾਹ ! ਜੇ ਤੁਸੀਂ ਕਿਲ੍ਹਾ ਛਡਣ ਤੋਂ ਪਹਿਲਾਂ ਕਿਤੇ ਸਾਨੂੰ ਸੱਦਾ ਭੇਜਦੇ ਤਾਂ ਮੇਰੇ ਸ਼ੀਂਹ-ਜਵਾਨ ਆਪਣੇ ਜੌਹਰ ਦਿਖਾਂਦੇ।" ਮਹਾਰਾਜ ਜਾਣਦੇ ਸਨ ਕਿ ਡੱਲੇ ਦੀ ਗੱਲ ਵਿਚ ਕੋਈ ਵਜ਼ਨ ਤਾਂ ਹੈ ਨਹੀਂ, ਪਰ ਇਹ ਕਹਿ ਕੇ ਟਾਲ ਛਡਦੇ, "ਡਲਿਆ, ਸਾਡੇ ਪਾਸ ਸੂਰਮਿਆਂ ਦੀ ਘਾਟ ਨਹੀਂ ਸੀ, ਪਰ ਸ੍ਰੀ ਅਕਾਲ ਪੁਰਖ ਜੀ ਨੂੰ ਇਵੇਂ ਹੀ ਭਾਉਂਦਾ ਸੀ।"

ਗੁਰੂ ਕੇ ਸੂਰਮਿਆਂ ਦੇ ਚਾਉ ਦਾ ਅਤੇ ਡੱਲੇ ਦੀਆਂ ਤਨਖ਼ਾਹਦਾਰ ਫੌਜਾਂ ਦੇ ਚਾਉ ਦਾ ਮੁਕਾਬਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਦਸਮੇਸ਼ ਪਿਤਾ ਨੇ ਇਕ ਭੇਂਟ ਆਈ ਬੰਦੂਕ ਦਾ ਨਿਸ਼ਾਨਾ ਪਰਖਣ ਲਈ ਡੱਲੇ ਨੂੰ ਇਕ ਫੌਜੀ ਜਵਾਨ ਹਾਜ਼ਰ ਕਰਨ ਲਈ ਕਿਹਾ। ਡੱਲੇ ਦੇ ਫੌਜੀਆਂ ਨੇ ਅਜਾਈਂ ਮੌਤੇ ਮਰਨ ਤੋਂ ਇਨਕਾਰ ਕਰ ਦਿਤਾ, ਕਿਉਂਕਿ ਉਹਨਾਂ ਵਿਚ ਕੋਈ ਚਾਉ ਨਹੀਂ ਸੀ। ਉਹ ਕਹਿਣ, "ਚੰਗਾ ਤੇਰਾ ਗੁਰੂ ਹੈ ! ਨਿਸ਼ਾਨਾ ਬੰਦੇ ਨੂੰ ਮਾਰ ਕੇ ਫੁੰਡਣਾ ਹੈ, ਕੋਈ ਬੇਜਾਨ ਚੀਜ਼ ਦਾ ਨਿਸ਼ਾਨਾ ਭੀ ਮਾਰਿਆ ਜਾ ਸਕਦਾ ਹੈ।"

ਪਰ ਡੱਲਾ ਉਦੋਂ ਵੇਖ ਕੇ ਦੰਗ ਰਹਿ ਗਿਆ ਜਦੋਂ ਸਤਿਗੁਰਾਂ ਨੇ ਆਪਣੇ ਸਿੱਖਾਂ ਦੇ ਕੈਂਪ ਦੇ ਬਾਹਰ ਖੜੇ



www.AKJ.Org

ਦੋ ਸਿੱਖਾਂ ਵਿਚੋਂ ਇਕ ਨੂੰ ਬੁਲਾ ਭਿਜਵਾਇਆ। ਦੋਵੇਂ ਪਿਉ ਪੁਤਰ ਸਨ। ਪਿਉ ਕਹੇ, "ਮੈਂ ਗੁਰੂ ਦੀ ਬੰਦੂਕ ਦਾ ਨਿਸ਼ਾਨਾ ਬਣਨਾ ਹੈ।" ਪੁਤਰ ਕਹੇ, "ਮੇਰੇ ਲਈ ਗੁਰੂ ਦਾ ਹੁਕਮ ਆਇਆ ਜੀ, ਨਿਸ਼ਾਨਾ ਮੈਂ ਬਣਨਾ ਹੈ।" ਦੋਹਾਂ ਸਿਖਾਂ ਦਾ ਚਾਉ ਠਾਠਾਂ ਮਾਰ ਰਿਹਾ ਸੀ। ਡੱਲਾ ਕਦੀ ਗੁਰੂ ਵਲ ਵੇਖੇ, ਕਦੀ ਸਿੱਖਾਂ ਵਲ।

"ਹੱਛਾ, ਦੋਵੇਂ ਅਗੇ ਪਿਛੇ ਖੜੇ ਹੋ ਜਾਉ, ਮੈਂ ਦੂਹਾਂ ਵਿਚਦੀ ਗੋਲੀ ਕੱਢ ਦਿਆਂਗਾ", ਦਸਮੇਸ਼ ਜੀ ਨੇ ਹੁਕਮ ਦਿਤਾ। ਅਤੇ ਇਹ ਕਹਿ ਕੇ ਨਿਸ਼ਾਨਾ ਦੋਹਾਂ ਦੇ ਉਪਰ ਦੀ ਲੰਘਾ ਦਿਤਾ।.

ਕੀ ਸਤਿਗੁਰੂ ਐਨੇ ਬੇਤਰਸ ਸੀ ਕਿ ਆਪਣੇ ਸਿਖਾਂ ਨੂੰ ਬੰਦੂਕ ਦਾ ਨਿਸ਼ਾਨਾ ਬਣਾਂਦੇ? ਨਹੀਂ, ਉਹ ਤਾਂ ਡੱਲੇ ਦੇ ਨਿਤ ਦਿਹਾੜੇ ਦੇ ਅਹਿਸਾਨ ਜਤਲਾਉਣ ਦਾ ਅੱਜ ਉਤਰ ਦੇ ਰਹੇ ਸਨ, "ਡੱਲਿਆ! ਗੁਰੂ ਘਰ ਵਿਚ ਜੇ ਸਿੱਖ ਦੇ ਪਲੇ ਚਾਉ ਨਹੀਂ ਤਾਂ ਉਹ ਖ਼ਾਲੀ ਹੈ। ਅਨੰਦਪੁਰ ਵਿਖੇ ਸਾਡੇ ਪਾਸ ਬੜੇ ਚਾਉ ਚਈਲੇ ਸਿਖ ਸਨ, ਪਰ ਫਿਰ ਭੀ ਸਾਨੂੰ ਅਕਾਲ ਪੁਰਖ ਦੇ ਹੁਕਮ ਅੰਦਰ ਕਿਲ੍ਹਾ ਛਡਣਾ ਹੀ ਪਿਆ।"

ਫਿਰ ਪੀਰ ਬੁਧੂ ਸ਼ਾਹ ਦੀ ਗੱਲ ਸੁਣਾਈ, ਕਿਵੇਂ ਉਸ ਨੇ ਭੰਗਾਣੀ ਦੇ ਯੁੱਧ ਵੇਲੇ ਆਪਣੇ ਪੰਜ ਸੌ ਮੁਰੀਦ ਅਤੇ ਦੋ ਪੁਤਰ ਉਸ ਜੰਗ ਵਿਚ ਸ਼ਹੀਦ ਕਰਵਾਏ। ਕਿਵੇਂ ਉਸ ਦੇ ਤਨਖ਼ਾਹਦਾਰ ਸਿਪਾਹੀ ਉਸੇ ਜੰਗ ਵਿਚ ਦੁਸ਼ਮਣ ਨਾਲ ਜਾ ਰਲੇ ਸਨ। ਡੱਲਾ ਆਖ ਰਿਹਾ ਸੀ, ਧੰਨ ਪੀਰ ਬੁਧੂ ਸ਼ਾਹ, ਧੰਨ ਪੀਰ ਬੁਧੂ ਸ਼ਾਹ।

ਦਰਅਸਲ ਗੱਲ ਇਹ ਹੈ, ਗੁਰਮਤਿ ਬਾਕੀ ਦੇ ਧਰਮਾਂ ਨਾਲੋਂ ਕਈ ਤਰ੍ਹਾਂ ਭਿੰਨ ਹੈ। ਸਿਖ ਧਰਮ ਦੇ ਬਾਨੀ ਸਤਿਗੁਰੂ ਨਾਨਕ ਦੇਵ ਜੀ ਨੇ ਜਦੋਂ ਸਿੱਖੀ ਕਾਇਮ ਕੀਤੀ ਤਾਂ ਦੋ ਗੱਲਾਂ ਬੜੇ ਸਪਸ਼ਟ ਰੂਪ ਵਿਚ ਆਖੀਆਂ :–ਇਕ ਪ੍ਰੇਮ ਚਾਉ ਅਤੇ ਦੂਜਾ ਮੌਤ ਦੇ ਡਰ ਤੋਂ ਨਿਡਰ ਹੋਣਾ :–

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (ਪੰਨਾ ੧੪੧੨)

ਸੋ ਸਿਖ ਬਣਨ ਲਈ ਦੋ ਗੱਲਾਂ ਦੀ ਬੜੀ ਕਰੜੀ ਸ਼ਰਤ ਹੈ–ਪ੍ਰੇਮ ਰਸ ਚਾਉ ਅਤੇ ਗੁਰੂ ਤੋਂ ਕੁਰਬਾਨ ਹੋਣ ਲਈ ਸਦਾ ਤਿਆਰ ਰਹਿਣਾ। ਜੇ ਇਕੱਲੇ ਚਾਉ ਦੇ ਨਜ਼ਰੀਏ ਤੋਂ ਸਮੁਚੇ ਸਿੱਖ ਫਲਸਫੇ, ਸਿੱਖ ਰਹੁ-ਰੀਤ ਸਿੱਖ ਜੀਵਨ ਅਤੇ ਵਿਹਾਰ ਵਲ ਝਾਤ ਮਾਰ ਕੇ ਵੇਖਿਆ ਜਾਵੇ ਤਾਂ ਚਾਉ ਤੋਂ ਬਿਨਾਂ ਸਿੱਖੀ ਖੁਸ਼ਕ ਨਜ਼ਰ ਆਏਗੀ। ਸਿੱਖੀ ਵਿਚੋਂ ਚਾਉ ਕੱਢ ਦਿਉ, ਕੌਮ ਮੁਰਦਾ ਹੋ ਜਾਏਗੀ। ਅੱਜ ਸਿਖ ਵਿਚ ਗੁਰੂ ਦੀ ਸੇਵਾ ਕਰਨ ਦਾ, ਗੁਰੂ ਕੀਆਂ ਖੁਸ਼ੀਆਂ ਲੈਣ ਦਾ, ਗੁਰੂ ਨੂੰ ਕੀਰਤਨ ਸੁਣਾਉਣ ਦਾ ਚਾਉ ਹੀ ਮੁਕਦਾ ਜਾ ਰਿਹਾ ਹੈ। ਸਿਖ ਹੁਣ ਗੁਰਬਾਣੀ ਦੇ ਪਾਠ ਅਤੇ ਕੀਰਤਨ ਨੂੰ ਚਾਉ ਅਤੇ ਪ੍ਰੇਮ-ਭਾਉ ਨਾਲ ਨਹੀਂ ਮਾਣਦਾ, ਸਗੋਂ ਮਾਇਆ ਦੇ ਭਾਅ ਅਤੇ ਮਾਇਆ ਦੇ ਚਾਅ ਵਿਚ ਪਾਠ ਜਾਂ ਕੀਰਤਨ ਦਾ ਆਹਰ ਕਰਦਾ ਹੈ। ਕੌਮ ਨਿਘਾਰ ਵਲ ਜਾ ਰਹੀ ਹੈ। ਗੁਰਸਿੱਖੀ ਬੜੀ ਬਾਰੀਕ ਹੈ। ਅਸੀਂ ਭਾਈ ਗੁਰਦਾਸ ਜੀ ਦੀ ਤਾੜਨਾ ਨੂੰ ਸਮਝੇ ਨਹੀਂ, ਜੇ ਸਮਝੇ ਵੀ ਹਾਂ ਤਾਂ ਵੀ ਬਹੁਤਾ ਗੌਲਿਆ ਨਹੀਂ।

ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਬੜੇ ਚਾਉ ਨਾਲ ਗੁਰੂ ਅਮਰਦਾਸ ਜੀ ਦੇ ਦਰਬਾਰ ਵਿਚ ਸੇਵਾ ਕਰਦੇ ਹੁੰਦੇ ਸਨ। ਇਕ ਵਾਰ ਸੇਵਾ ਦੇ ਚਾਉ ਦਾ ਟੈਸਟ ਹੋਇਆ। ਗੁਰੂ ਅਮਰਦਾਸ ਜੀ ਦੇ ਵੱਡੇ ਜਵਾਈ ਭਾਈ ਰਾਮਾ ਜੀ ਅਤੇ ਛੋਟੇ ਜਵਾਈ ਭਾਈ ਜੇਠਾ ਜੀ ਨੂੰ ਸਤਿਗੁਰਾਂ ਵਲੋਂ ਉਲੀਕੇ ਨਕਸ਼ੇ ਅਨੁਸਾਰ ਚੌਂਤਰੇ (ਥੜ੍ਹੇ) ਬਨਾਣ ਦਾ ਕੰਮ ਸੌਂਪਿਆ ਗਿਆ। ਦੋਹਾਂ ਨੇ ਸ਼ਾਮ ਤਕ ਬੜੀ ਮਿਹਨਤ ਅਤੇ ਲਗਨ ਨਾਲ ਥੜੇ ਤਿਆਰ ਕਰ ਦਿਤੇ, ਪਰ ਦੋਨਾਂ ਦੇ ਬਣਾਏ ਥੜੇ ਸਤਿਗੁਰਾਂ ਨੂੰ ਪਸੰਦ ਨਾ ਆਏ। ਢਾਹੁਣ ਦਾ ਹੁਕਮ ਹੋ ਗਿਆ। ਅਗਲੇ ਦਿਨ ਹੋਰ ਨਕਸ਼ਾ ਦਿਤਾ ਗਿਆ, ਕਲ੍ਹ ਨਾਲੋਂ ਅਜ ਹੋਰ ਸਾਵਧਾਨੀ ਨਾਲ ਦੋਹਾਂ ਨੇ ਥੜੇ ਬਣਾਏ, ਪਰ ਸ਼ਾਮ ਨੂੰ ਫਿਰ ਥੜੇ ਨਾ-ਪਸੰਦ ਕੀਤੇ ਗਏ ਤੇ ਢਾਹੁਣ ਲਈ ਕਹਿ ਦਿਤਾ ਗਿਆ। ਇਸੇ ਤਰ੍ਹਾਂ ਕਈ ਦਿਨ ਹੁੰਦਾ ਰਿਹਾ। ਵੱਡਾ ਜਵਾਈ ਥਿੜਕ ਗਿਆ ਅਤੇ ਆਖਣ ਲਗਾ ਕਿ ਮਹਾਰਾਜ ਨੇ ਜਿਵੇਂ ਨਕਸ਼ਾ ਦਿਤਾ ਸੀ ਉਸੇ ਅਨੁਸਾਰ ਤਾਂ ਥੜੇ ਬਣਾਏ ਸਨ। ਪਤਾ ਨਹੀਂ ਉਨ੍ਹਾਂ ਨੂੰ ਕਿਉਂ ਨਹੀਂ ਜਚਦੇ। ਸ਼ਾਇਦ ਉਮਰ ਵਡੇਰੀ ਹੋਣ ਕਰਕੇ ਉਨ੍ਹਾਂ ਨੂੰ ਆਪਣੀ ਦਸੀ ਗੱਲ ਯਾਦ



www.AKJ.Org

ਨਹੀਂ ਰਹਿੰਦੀ। ਪਰ ਸਤਿਗੁਰੂ ਜੀ ਤਾਂ ਸਿਖ ਦੀ ਭਾਉ-ਭਗਤੀ ਅਤੇ ਚਾਉ ਦੀ ਪਰਖ ਕਰ ਰਹੇ ਸਨ। ਭਾਈ ਰਾਮਾ ਜੀ ਕੰਮ ਵਿਚੇ ਛੱਡ ਗਏ ਅਤੇ ਭਾਈ ਜੇਠਾ ਜੀ ਭਾਉ ਅਤੇ ਚਾਉ ਵਿਚ ਕਾਇਮ ਰਹੇ, ਰਤਾ ਭਰ ਨਾ ਡੋਲੇ। ਤਦੇ ਉਹਨਾਂ ਨੂੰ ਹੀ ਸਿੱਖ ਸੰਗਤਾਂ ਨੂੰ ਭੀ ਭਾਉ ਅਤੇ ਚਾਉ ਵੰਡਣ ਦੀ ਸੇਵਾ ਮਿਲੀ। ਉਹਨਾਂ ਦੀ ਬਾਣੀ ਵਿਚੋਂ ਚਾਉ ਦੇ ਜੋ ਦਰਸ਼ਨ ਹੁੰਦੇ ਹਨ, ਮਨ ਨੂੰ ਕੀਲ ਲੈਂਦੇ ਹਨ :–

ਹਰਿ ਆਪਨੀ ਕ੍ਰਿਪਾ ਕਰੀ, ਆਪਿ ਗ੍ਰਿਹਿ ਆਇਓ,
ਹਮ ਹਰਿ ਕੀ ਗੁਰ ਕੀਈ ਹੈ ਬਸੀਠੀ,
ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ ਨਿਹਾਲ ॥੧॥
ਹਰਿ ਆਵਤੇ ਕੀ ਖਬਰਿ ਗੁਰਿ ਪਾਈ,
ਮਨਿ ਤਨਿ ਆਨਦੋ ਆਨੰਦ ਭਏ, ਹਰਿ ਆਵਤੇ ਸੁਨੇ ਮੇਰੇ ਲਾਲ ਹਰਿ ਲਾਲ ॥
ਜਨੁ ਨਾਨਕੁ ਹਰਿ ਹਰਿ ਮਿਲੇ, ਭਏ ਗਲਤਾਨ ਹਾਲ, ਨਿਹਾਲ ਨਿਹਾਲ ॥੨॥੧॥੭॥
(ਨਟ ਨਾਰਾਇਨ ਮ: ੪ ਪੜਤਾਲ–੯੭੭)

ਅਸਲ ਨਿਹਾਲ ਚਾਉ ਨਾਲ ਹੋਣੈ। ਭਾਵੇਂ ਲਖ ਵਾਰੀ ਉਤੋਂ ਉਤੋਂ ਪਏ 'ਬੋਲੇ ਸੋ ਨਿਹਾਲ' ਕਰੀਏ, ਨਿਹਾਲ ਨਹੀਂ ਹੋ ਸਕੀਦਾ। ਸ੍ਰੀ ਗੁਰੂ ਅਮਰਦਾਸ ਜੀ ਨੇ ਤਾੜਨਾ ਕੀਤੀ ਹੈ, ਸ਼ਾਇਦ ਸਾਡਾ ਉਧਰ ਧਿਆਨ ਨਹੀਂ ਗਿਆ :–

ਰੇ ਜਨ ! ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ ॥
ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ, ਅੰਤਰਿ ਨ ਉਪਜਿਓ ਚਾਉ ॥
ਸਰੀਰੁ ਜਲਉ ਗੁਣ ਬਾਹਰਾ, ਜੋ ਗੁਰ ਕਾਰ ਨ ਕਮਾਇ ॥
ਜਗਤੁ ਜਲੰਦਾ ਡਿਠੁ ਮੈ, ਹਉਮੈ ਦੂਜੈ ਭਾਇ ॥੧॥੨੩॥ (ਸਲੋਕ ਮ: ੩–ਪੰਨਾ ੬੫੧)
**(ਉਥਾਰੈ=ਸੁਪਨੇ ਵਿਚ ਡਰ ਨਾਲ ਦਬੇ ਹੋਣਾ)**

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਨੂੰ ਭਾਉ ਅਤੇ ਚਾਉ ਦੇ ਗੁਣ ਜੀਵਨ ਵਿਚ ਧਾਰਨ ਕਰਨ ਦੀ ਸਿਖਿਆ ਦਿੰਦੇ ਹੋਏ ਫੁਰਮਾਂਦੇ ਹਨ :–

ਵਾਜਾ ਮਤਿ ਪਖਾਵਜੁ ਭਾਉ ॥ ਹੋਇ ਅਨੰਦੁ ਸਦਾ ਮਨਿ ਚਾਉ ॥
ਏਹਾ ਭਗਤਿ ਏਹੋ ਤਪ ਤਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੧॥ (ਆਸਾ ਮ: ੧–੩੫੦)

ਪਰ ਜਿਸ ਸਿੱਖ ਪਾਸ ਨਾ ਚਾਉ ਹੈ ਨ ਭਾਉ (ਪ੍ਰੇਮ) ਹੈ, ਉਸ ਬਾਰੇ ਸਤਿਗੁਰੂ ਜੀ ਬੜੇ ਕਰੜੇ ਸ਼ਬਦਾਂ ਵਿਚ ਆਖਦੇ ਹਨ :–

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥੧॥੧੦॥ (ਮ: ੧ ਸਲੋਕ–੧੪੨)

ਮਹਾਰਾਜ ਦਾ ਕਹਿਣਾ ਇਹ ਹੈ ਕਿ ਜਿਨ੍ਹਾਂ ਅੰਦਰ ਸਤਿਗੁਰੂ ਦੀ ਬਾਣੀ ਸੁਣ, ਪੜ੍ਹ ਅਤੇ ਵਿਚਾਰ ਕਰਕੇ ਭੀ ਚੌਥੈ ਪਹਿਰ ਸੁਬਾਹ ਦੇ ਨਾਮ ਜਪਣ ਦਾ ਚਾਉ ਜਾਂ ਉਤਸ਼ਾਹ ਨਹੀਂ ਉਠਦਾ ਉਹ ਅਜੇ ਗੁਰਸਿੱਖੀ ਦੀ ਬਾਰੀਕੀ ਨੂੰ ਨਹੀਂ ਸਮਝ ਸਕੇ। ਸਿੱਖੀ ਦਾ ਦੂਜਾ ਨਾਮ ਗੁਰੂ ਘਰ ਵਿਚ ਚਾਉ ਨਾਲ ਜੀਣਾ ਹੈ। ਸਿੱਖ ਨੇ ਸਿਮਰਨ ਕਰਨਾ ਹੈ ਤਾਂ ਚਾਉ ਵਿਚ, ਸੇਵਾ ਕਰਨੀ ਹੈ ਤਾਂ ਚਾਉ ਵਿਚ, ਕੀਰਤਨ ਕਰਨਾ ਹੈ ਤਾਂ ਆਤਮ-ਰੰਗ ਵਿਚ। ਕਬੀਰ ਜੀ ਤਾਂ ਇਸ ਤੋਂ ਭੀ ਅਗੇ ਦੀ ਗੱਲ ਕਹਿੰਦੇ ਹਨ, ਸਿੱਖ ਮਰੇ ਭੀ ਤਾਂ ਚਾਉ ਵਿਚ :–

ਕਬੀਰ ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰਿ ॥੬੧॥ (ਪੰਨਾ ੧੩੬੭)

ਪਰ ਅੱਜ ਕੌਮ ਮਾਇਆ ਦੇ ਚਾਅ ਵਿਚ ਹੈ। ਰੱਬੀ ਰੰਗ ਦਾ ਚਾਅ ਹੋਰ ਹੁੰਦਾ ਹੈ, ਮਾਇਆ ਦੇ ਚਾਅ ਦਾ ਰੰਗ ਹੋਰ।

[ਬਾਕੀ ਦੇਖੋ ਸਫਾ ੬ ਦੇ ਹੇਠ]



www.AKJ.Org

# ਸੰਸਾਰ ਦੀਆਂ ਸ਼ਹੀਦੀ ਪਰੰਪਰਾਵਾਂ

[ਪ੍ਰਿੰਸੀਪਲ ਨਾਹਰ ਸਿੰਘ ਜੀ, ਲੁਧਿਆਣਾ]

## ੧. ਵੱਖਰੇ ਵੱਖਰੇ ਧਰਮਾਂ ਤੇ ਦੇਸ਼ਾਂ ਵਿਚ ਸ਼ਹੀਦ ਦੀ ਤਾਰੀਫ਼–

ਸ਼ਹੀਦ, ਅਰਬੀ ਬੋਲੀ ਦਾ ਸ਼ਬਦ ਹੈ। ਸ਼ਹਾਦਤ ਦੇਣ ਵਾਲਾ ਸ਼ਹੀਦ ਹੁੰਦਾ ਹੈ। ਸ਼ਹਾਦਤ ਦੇ ਅਰਥ ਹਨ 'ਗਵਾਹੀ', ਅਤੇ ਸ਼ਹੀਦ 'ਗਵਾਹ' ਹੁੰਦਾ ਹੈ। 'ਸ਼ਾਹਿਦ' ਦੇ ਅਰਥ ਵੀ ਗਵਾਹ ਹਨ। ਸ਼ਾਹਿਦ, ਅੱਖੀਂ ਵੇਖ ਕੇ ਸੱਚੀ ਗੱਲ ਦੱਸਣ ਵਾਲੇ ਨੂੰ ਆਖਿਆ ਹੈ। ਈਸਾਈ ਧਰਮ ਅਨੁਸਾਰ ਅੰਗਰੇਜ਼ੀ ਸ਼ਬਦ ਮਾਰਟਰ (Martyr) ਦੇ ਅਰਥ ਹਨ, ਜੋ ਈਸਾਈ ਧਰਮ ਵਿਚ ਵਿਸ਼ਵਾਸ ਰੱਖਣ ਕਾਰਨ ਮਾਰਿਆ ਜਾਵੇ ਜਾਂ ਜੋ ਈਸਾਈ ਧਰਮ ਲਈ ਜਾਨ ਕੁਰਬਾਨ ਕਰਕੇ ਈਸਾ ਜੀ ਦੇ ਸੱਚੇ ਸ਼ਰਧਾਲੂ ਹੋਣ ਦੀ ਗਵਾਹੀ (ਸਬੂਤ) ਦੇਵੇ। ਇਸਲਾਮ ਅਨੁਸਾਰ ਸ਼ਹੀਦ ਉਹ ਹੈ ਜੋ ਜਹਾਦ (ਧਰਮ-ਯੁੱਧ) ਵਿਚ ਮਾਰਿਆ ਜਾਵੇ। ਕੁਰਬਾਨੀ ਜਾਂ ਬਲੀ ਦੇਣ ਵਾਲੇ ਨੂੰ ਵੀ ਸ਼ਹੀਦ ਆਖਿਆ ਜਾਂਦਾ ਹੈ। ਖੁਦਾ ਦੇ ਰਾਹ ਤੇ, ਡਾਕੂ ਜਾਂ ਜ਼ਾਲਿਮ ਨਾਲ ਲੜਦੇ ਜਾਂ ਨਮਾਜ਼ ਅਦਾ ਕਰਦੇ ਮਰਨ ਵਾਲਾ ਸ਼ਹੀਦ ਹੈ। ਇਸੇ ਤਰ੍ਹਾਂ ਚੀਨ ਵਿਚ ਸ਼ੁਭ ਕਾਰਜਾਂ ਅਤੇ ਨੇਕ ਆਦਰਸ਼ਾਂ ਲਈ ਮਨੁਖਤਾ ਦੀ ਸੇਵਾ ਵਿਚ ਮਰ ਜਾਣ ਵਾਲੇ ਨੂੰ ਸ਼ਹੀਦ ਆਖਿਆ ਜਾਂਦਾ ਹੈ। ਜਾਪਾਨੀ ਦੇਸ਼ ਤੇ ਕੌਮ ਦੇ ਸ਼ੈਦਾਈ ਅਤੇ ਪੁਜਾਰੀ ਹਨ, ਇਸ ਲਈ ਉਨ੍ਹਾਂ ਦੇ ਅਕੀਦੇ ਅਨੁਸਾਰ ਦੇਸ਼, ਕੌਮ ਲਈ ਜਾਨ ਵਾਰਨ ਵਾਲਾ ਸ਼ਹੀਦ ਹੈ। ਧਰਮ-ਕਾਰਜਾਂ ਦੀ ਪੂਰਤੀ ਨੂੰ ਅੰਦਰ ਦ੍ਰਿੜ੍ਹ ਕਰਕੇ ਜਾਨ ਦੇਣਾ ਸ਼ਹੀਦੀ ਹੈ। ਯਹੂਦੀਆਂ ਦਾ ਆਪਣਾ ਹੀ ਵਿਸ਼ਵਾਸ ਹੈ ਕਿ ਈਸ਼ਵਰੀ ਨਿਯਮਾਂ ਨੂੰ ਹਿਤੋਂ ਚਿਤੋਂ, ਆਤਮਿਕ ਤੌਰ ਤੇ ਚੰਗੀ ਤਰ੍ਹਾਂ ਮੰਨ ਕੇ ਸਰੀਰਕ ਕਸ਼ਟ ਸਹਾਰਨਾ ਅਤੇ ਪ੍ਰਾਣ ਦੇ ਦੇਣਾ ਸ਼ਹੀਦੀ ਹੈ।

ਪੁਰਾਤਨ ਭਾਰਤ ਦੇ ਕੌਮੀ, ਅਧਿਆਤਮਿਕ, ਸਮਾਜਿਕ ਜਾਂ ਧਾਰਮਿਕ ਇਤਿਹਾਸ ਵਿਚ ਸ਼ਹੀਦੀ ਦਾ ਜ਼ਿਕਰ ਕਿਤੇ ਨਹੀਂ ਆਇਆ। ਹਿੰਦੂ ਧਰਮ ਵਿਚ ਦੇਵੀ-ਦੇਵਤਿਆਂ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਪਸ਼ੂਆਂ ਦੀ ਕੁਰਬਾਨੀ ਦਾ ਵਰਨਣ ਤਾਂ ਹੈ, ਪਰ ਇਸ ਦਾ ਸ਼ਹੀਦੀ ਪਰੰਪਰਾ ਨਾਲ ਕੋਈ ਸੰਬੰਧ ਨਹੀਂ ਹੈ। ਇਸ ਦੇਸ਼ ਵਿਚ ਆਰੀਆਂ ਦੇ ਕਈ ਗਰੋਹਾਂ ਦੀ ਵਸੋਂ ਪਿਛੋਂ, ਪਾਰਥੀਅਨ, ਸੀਥੀਅਨ, ਯੂਨਾਨੀ, ਅਰਬ, ਅਫ਼ਗਾਨ, ਪਠਾਣ ਮੰਗੋਲ, ਮੁਗ਼ਲ ਹਮਲੇ ਕਰਦੇ ਰਹੇ, ਪਰ ਭਾਰਤੀਆਂ ਦੇ ਸਮੂਹਾਂ ਨੇ ਕਦੇ ਵੀ ਇਹਨਾਂ ਹਮਲਾਵਰਾਂ ਦਾ ਮੁਕਾਬਲਾ ਨਹੀਂ ਕੀਤਾ। ਰਮਾਇਣ ਤੇ ਮਹਾਂਭਾਰਤ ਦੇ ਯੁੱਧਾਂ ਦਾ ਜ਼ਿਕਰ ਤਾਂ ਹੈ, ਪਰ ਇਹਨਾਂ ਦੇ ਕਾਰਨਾਂ ਵਿਚ ਸੁਆਰਥ ਵੀ ਸੀ। ਸਾਡੇ ਪੁਰਾਤਨ ਧਰਮਾਂ ਵਿਚ 'ਅਹਿੰਸਾ ਪਰਮੋ ਧਰਮਾ' ਦੀ ਪ੍ਰਧਾਨਤਾ ਰਹੀ ਹੈ, ਅਧਿਆਤਮਿਕ ਜੀਵਨ ਵੱਲ ਰੁਚੀਆਂ ਸਨ। ਕੁਰਬਾਨੀਆਂ ਵਲ ਧਿਆਨ ਘੱਟ ਹੀ ਸੀ। ਕੁਝ ਰਾਜਪੂਤ ਕਬੀਲੇ ਸਨ, ਜੋ ਆਪਣੇ ਇਲਾਕੇ ਨੂੰ ਪਠਾਣ ਜਾਂ ਮੁਗ਼ਲ ਸਾਮਰਾਜਾਂ ਕੋਲੋਂ ਬਚਾਉਣ ਲਈ ਲੜਦੇ ਰਹੇ ਅਤੇ ਉਹਨਾਂ ਦੀਆਂ ਇਸਤ੍ਰੀਆਂ ਆਪਣੀ ਪੱਤ ਤੇ ਸਤ ਬਚਾਉਣ ਲਈ ਜੌਹਰ ਦੀਆਂ ਰਸਮਾਂ ਅਦਾ ਕਰਦੀਆਂ ਰਹੀਆਂ। ਪਰ ਇਹ ਕੁਰਬਾਨੀਆਂ ਆਪਣੇ ਨਿਜ ਲਈ ਸਨ, ਜੋ ਸ਼ਹੀਦਾਂ ਦੀ ਸ਼੍ਰੇਣੀ ਵਿਚ ਨਹੀਂ ਆਉਂਦੀਆਂ।

ਭਾਰਤ ਵਿਚ 'ਸ਼ਹੀਦੀ ਪਰੰਪਰਾ' ਸਿੱਖਾਂ ਦੀਆਂ ਆਪਣੇ ਤੇ ਦੂਜੇ ਧਰਮਾਂ ਹਿਤ ਅਤੇ ਦੇਸ਼ ਤੇ ਕੌਮ ਦੀ ਸੇਵਾ ਹਿਤ, ਬੇ-ਮਿਸਾਲ ਸ਼ਹੀਦੀਆਂ ਦੀ ਲਗਾਤਾਰ ਲੜੀ ਸਦਕਾ ਆਰੰਭ ਹੋਈ, ਜਿਸ ਦਾ ਸੰਖੇਪ ਵਰਨਣ ਅੰਤ ਵਿਚ ਕੀਤਾ ਗਿਆ ਹੈ।

## ੨. ਈਸਾਈ ਪਰੰਪਰਾ :–

ਈਸਾ ਜੀ ਨੇ ਯੋਰੋਸ਼ਲਮ ਵਿਚ ਜਨਮ ਲੈ ਕੇ ਉਸੇ ਇਲਾਕੇ ਵਿਚ ਆਪਣੀ ਉਮਰ ਦੇ ੩੩ ਸਾਲ ਆਪਣੇ ਧਰਮ ਦਾ ਪਰਚਾਰ ਕੀਤਾ। ਨਵੇਂ ਅਸੂਲ ਤੇ ਨਵੀਂ ਰਹੁ-ਰੀਤੀ, ਭਾਵੇਂ ਉਹ ਕਿੰਨੀ ਵੀ ਵਧੀਆ ਤੇ ਨੇਕ ਨੀਤੀ ਤੇ ਆਧਾਰਿਤ ਹੋਵੇ, ਅਨਜਾਣ ਲੋਕ ਉਸ ਦੀ ਵਿਰੋਧਤਾ ਕਰਦੇ ਹਨ। ਪਹਿਲੇ ਧਾਰਮਿਕ ਅਕੀਦੇ ਅਨੁਸਾਰ ਹੀ ਈਸਾ ਜੀ ਨੂੰ ਉਹਨਾਂ ਦੇ ਸ਼ਰਧਾਲੂਆਂ ਨੇ ਹੀ ਰੋਮ ਸਾਮਰਾਜ ਦੇ ਹਵਾਲੇ ਕਰ ਦਿਤਾ। ਉਹਨਾਂ ਨੂੰ ਸੂਲੀ ਤੇ ਲਟਕਾਇਆ।



www.AKJ.Org

ਗਿਆ। ਈਸਾ ਜੀ ਨੇ ਪ੍ਰਾਣ ਤਿਆਗਣ ਸਮੇਂ ਈਸ਼ਵਰ ਅੱਗੇ ਪ੍ਰਾਰਥਨਾ ਕੀਤੀ ਕਿ ਸੂਲੀ ਦੇਣ ਵਾਲਿਆਂ ਨੂੰ ਉਹ ਮਾਫ਼ ਕਰ ਦੇਵੇ, ਕਿਉਂਕਿ ਉਹ ਅਨਜਾਣ ਹਨ।

**੩. ਫ਼ਰਾਂਸੀ ਪਰੰਪਰਾ :–**

ਪੰਦਰ੍ਹਵੀਂ ਸਦੀ ਦੇ ਅਰੰਭਕ ਸਾਲਾਂ ਦੀ ਗੱਲ ਹੈ ਕਿ ਫ਼ਰਾਂਸ ਦੇ ਬਹੁਤੇ ਹਿੱਸੇ ਤੇ ਅੰਗਰੇਜ਼ ਕਾਬਜ਼ ਹੋ ਗਏ। ਵੱਡੇ ਵੱਡੇ ਜ਼ਿਮੀਦਾਰ ਅੰਗਰੇਜ਼ਾਂ ਨਾਲ ਮਿਲ ਗਏ। ਚਾਰਲਸ ਸੱਤਵਾਂ ਕਮਜ਼ੋਰ ਬਾਦਸ਼ਾਹ ਸੀ। ਅਜਿਹੇ ਸਮੇਂ ਇਕ ਅਜਿਹੀ ਕਰਾਮਾਤ ਵਾਪਰੀ ਕਿ ਫਰਾਂਸ ਬਚ ਗਿਆ। ਜੋਨ ਆਫ਼ ਆਰਕ ਦਾ ਜਨਮ ੧੪੧੨ ਵਿਚ ਹੋਇਆ। ਇਹ ਇਕ ਸਾਧਾਰਨ ਅਨਪੜ੍ਹ ਪੇਂਡੂ ਕੁੜੀ ਸੀ, ਆਪਣੇ ਪਿਤਾ ਨਾਲ ਭੇਡਾਂ ਤੇ ਡੰਗਰ ਮਾਲ ਚਾਰਦੀ ਸੀ। ਇਹ ੧੩ ਸਾਲ ਦੀ ਹੋਈ ਤਾਂ ਇਸ ਨੇ ਲੋਕਾਂ ਨੂੰ ਦਸਿਆ ਕਿ ਇਸ ਨੂੰ ਆਕਾਸ਼-ਬਾਣੀ ਹੁੰਦੀ ਹੈ ਕਿ ਉਹ ਫਰਾਂਸ ਨੂੰ ਬਚਾਅ ਸਕਦੀ ਹੈ। ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ। ਅੰਤ ਸੋਲ੍ਹਵੇਂ ਸਾਲ ਵਿਚ ਉਸ ਨੇ ਫ਼ੌਜੀ ਵਰਦੀ ਪਹਿਨੀ, ਤਲਵਾਰ ਫੜੀ ਅਤੇ ਘੋੜਸਵਾਰੀ ਕਰਕੇ ਬਾਦਸ਼ਾਹ ਪਾਸ ਪੁੱਜ ਕੇ ਆਪਣੀ ਸੇਵਾ ਪੇਸ਼ ਕਰ ਦਿਤੀ। ਸ਼ਾਹ ਨੇ ਨਿਰਾਸਤਾ ਦੀ ਹਾਲਤ ਵਿਚ ਉਸ ਨੂੰ ਫ਼ੌਜ ਦੇ ਦਿਤੀ। ਜੋਨ ੨੮ ਅਪਰੈਲ, ੧੪੨੯ ਨੂੰ ਚਾਰ ਹਜ਼ਾਰ ਫ਼ੌਜੀ ਲੈ ਕੇ ਅੰਗਰੇਜ਼ਾਂ ਤੇ ਟੁੱਟ ਪਈ। ਪੈਰ ਪੈਰ ਤੇ ਜਿਤਾਂ ਪ੍ਰਾਪਤ ਕਰ ਰਹੇ ਅੰਗਰੇਜ਼ਾਂ ਦੇ ਪੈਰ ਉਖੜ ਗਏ। ਜੋਨ ਲੜਦੀ ਲੜਦੀ ਭਾਵੇਂ ਜ਼ਖਮੀ ਹੋ ਗਈ, ਪਰ ਫ਼ਰਾਂਸੀ ਜੁਆਨਾਂ ਨੂੰ ਦਲੇਰੀ ਦੇ ਦੇ ਕੇ ਉਸਨੇ ਕਈ ਸ਼ਹਿਰ ਜਿੱਤ ਲਏ। ਫਿਰ ਜੋਨ ਨੇ ਇਕ ਵੱਡਾ ਹਮਲਾ ਕਰ ਕੇ, ਪੈਰਿਸ ਤੇ ਕਬਜ਼ਾ ਕਰਨ ਦੀ ਵਿਉਂਤ ਬਣਾਈ। ਸ਼ਾਹ ਨੇ ਆਗਿਆ ਤਾਂ ਦੇ ਦਿੱਤੀ, ਪਰ ਲੋੜ ਅਨੁਸਾਰ ਕਾਫ਼ੀ ਫ਼ੌਜ ਨਾ ਦਿਤੀ। ਜਿਸ ਕਾਰਨ ਅੱਧ-ਚਿਤੇ ਫ਼ੌਜੀ ਹਾਰ ਗਏ ਤੇ ਜੋਨ ਅੰਗਰੇਜ਼ਾਂ ਦੀ ਕੈਦ ਵਿਚ ਫਸ ਗਈ। ਉਸ ਨੂੰ ਧਾਰਮਿਕ ਅਦਾਲਤ ਅੱਗੇ ਪੇਸ਼ ਕੀਤਾ ਗਿਆ ਅਤੇ ਇਹ ਸਾਬਤ ਕੀਤਾ ਗਿਆ ਕਿ ਜੋ ਆਕਾਸ਼-ਬਾਣੀ ਉਹ ਸੁਣਦੀ ਸੀ ਉਹ ਸ਼ੈਤਾਨੀ ਦੈਂਤਾਂ ਦੀਆਂ ਆਵਾਜ਼ਾਂ ਸਨ, ਉਸ ਦੀ ਭਵਿਖ-ਬਾਣੀ ਝੂਠੀ ਸੀ, ਉਹ ਮਰਦਾਵੇਂ ਕੱਪੜੇ ਪਾ ਕੇ ਨਿਰਲੱਜ ਤੇ ਬੇਸ਼ਰਮ ਹੋ ਗਈ ਸੀ। ਉਸ ਨੂੰ ੩੦ ਮਈ, ੧੪੩੧ ਨੂੰ ਫਾਂਸੀ ਦੇ ਦਿੱਤੀ ਗਈ। ਪਰ ੧੪੫੬ ਵਿਚ ਇਸ ਕੇਸ ਦੀ ਫਿਰ ਜਾਂਚ-ਪਰਖ ਹੋਈ ਤਾਂ ਜੋਨ ਨੂੰ ਨਿਰਦੋਸ਼ ਕਰਾਰ ਦਿਤਾ ਗਿਆ। ਫਿਰ ਸਾਰੇ ਹਾਲਾਤ ਦਾ ਨਿਰਣਾ ਕੀਤਾ ਗਿਆ ਤੇ ਜੋਨ ਨੂੰ ਧਾਰਮਿਕ ਮੁਰਯਾਦਾ ਅਨੁਸਾਰ ਈਸ਼ਵਰੀ ਸੰਤ ਤੇ ਵਲੀ ਐਲਾਨਿਆ ਗਿਆ ਤੇ ਪਾਵਨ ਸ਼ਹੀਦ ਮੰਨਿਆ ਗਿਆ।

**੪. ਇਸਲਾਮੀ ਪਰੰਪਰਾ–**

੧੦ ਮੁਹੱਰਮ ਸੰਨ ੬੮੦ ਈਸਵੀ ਨੂੰ ਬਗਦਾਦ ਤੋਂ ੬੦ ਮੀਲ ਦੂਰ ਕਰਬਲਾ ਦੇ ਸੜਦੇ ਖੁਸ਼ਕ ਮਾਰੂਥਲ ਵਿਚ ਹਜ਼ਰਤ ਇਮਾਮ ਹੁਸੈਨ (ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤੇ), ਉਹਨਾਂ ਦੇ ਪਰਵਾਰ ਅਤੇ ਹੋਰ ਸਾਥੀਆਂ ਨੇ ਇਸਲਾਮੀ ਅਸੂਲਾਂ, ਸ਼ਰਹ ਤੇ ਮਜ਼ਹਬ ਦੀ ਪ੍ਰੋੜ੍ਹਤਾ ਲਈ ਸ਼ਹੀਦੀਆਂ ਪਾਈਆਂ। ਯਜ਼ੀਦ, ਜੋ ਹਾਕਮ ਸੀ, ਨੇ ਇਸਲਾਮ ਵਿਰੁੱਧ ਬੀੜਾ ਚੁੱਕਿਆ। ਉਹ ਸ਼ਰਾਬੀ ਕਬਾਬੀ ਸੀ। ਇਰਾਕ ਦੇ ਕੂਫ਼ਾ ਇਲਾਕੇ ਦੇ ਮੁਸਲਮਾਨਾਂ ਨੇ ਇਮਾਮ ਹੁਸੈਨ ਪਾਸ ਫ਼ਰਿਆਦ ਕੀਤੀ ਕਿ ਉਹਨਾਂ ਦੀ ਸਹਾਇਤਾ ਕੀਤੀ ਜਾਵੇ। ਇਮਾਮ ਹੁਸੈਨ ਕੁਝ ਸਾਥੀਆਂ ਤੇ ਆਪਣੇ ਪਰਵਾਰ ਸਮੇਤ ਮੱਕੇ ਤੋਂ ਚੱਲ ਪਏ। ਕੂਫ਼ਾ ਦੇ ਵਸਨੀਕਾਂ ਨੇ ਧੋਖਾ ਕੀਤਾ, ਰਿਸ਼ਵਤ ਲੈ ਕੇ ਸਰਕਾਰ ਨਾਲ ਮਿਲ ਗਏ। ਇਮਾਮ ਜੀ ਨੂੰ ਕੂਫ਼ਾ ਤੋਂ ੨੫ ਮੀਲ ਦੂਰ ਹੀ ਘੇਰ ਲਿਆ ਗਿਆ ਅਤੇ ਯਜ਼ੀਦ ਨੂੰ ਮੁਸਲਮਾਨਾਂ ਦਾ ਹਾਕਮ ਮੰਨਣ ਲਈ ਮਜਬੂਰ ਕੀਤਾ ਗਿਆ। ਪਰ ਇਮਾਮ ਅਜਿਹੀ ਗੱਲ ਮੰਨਣ ਵਾਲੇ ਨਹੀਂ ਸਨ। ਉਹਨਾਂ ਨੂੰ ਤਸੀਹੇ ਦਿੱਤੇ ਗਏ। ਕੜਕਦੀ ਧੁੱਪ ਵਿਚ ਪਿਆਸਾ ਰੱਖਿਆ ਗਿਆ, ਪਰ ਉਹ ਲਿਫੇ ਨਹੀਂ, ਨਿਵੇਂ ਨਹੀਂ। ਅੰਤ ਇਮਾਮ ਜੀ ਦੇ ਭਾਈਬੰਦਾਂ, ਪੁਤਰ, ਭਤੀਜੇ ਨੂੰ ਉਹਨਾਂ ਦੇ ਅੱਖੀਂ ਦੇਖਦੇ ਕਤਲ ਕੀਤਾ ਗਿਆ ਤੇ ਇਮਾਮ ਜੀ ਨੂੰ ਤੀਰਾਂ ਨਾਲ ਛਾਨਣੀ ਦੀ ਤਰ੍ਹਾਂ ਵਿੰਨ੍ਹ ਕੇ ਸ਼ਹੀਦ ਕੀਤਾ ਗਿਆ। ਬਾਕੀ ਬਚਿਆਂ ਆਦਿ ਨੂੰ ਬੰਦੀ ਬਣਾ ਕੇ ਘਸੀਟਿਆ ਗਿਆ। ਇਮਾਮ ਜੀ ਦੀ ਇਸ ਕੁਰਬਾਨੀ ਤੋਂ ਅੱਜ ਕਰੋੜਾਂ ਲੋਕ, ਸਾਹਸ ਤੇ ਜਜ਼ਬਾ ਹਾਸਲ ਕਰ ਰਹੇ ਹਨ।



www.AKJ.Org

**੫. ਯੂਨਾਨੀ ਪਰੰਪਰਾ** ਦਾ ਸ਼ਹੀਦ ਹਜ਼ਰਤ ਮਨਸੂਰ ਕਰਣੀ ਕਮਾਈ ਵਾਲਾ ਫ਼ਕੀਰ ਸੀ। ਉਹ ਦੁਨਿਆਵੀ ਬੰਧਨਾਂ ਤੋਂ ਅਟੰਕ ਰੱਬ ਦੀ ਬੰਦਗੀ ਕਰਦਿਆਂ ਉਸ ਨਾਲ ਇਕ-ਮਿਕ ਹੋ, 'ਮੈਂ ਤੂੰ' ਤੇ 'ਤੂੰ ਮੈਂ' ਹੋ ਗਿਆ ਸੀ। ਉਹ ਮੁਸਲਮਾਨੀ ਸ਼ਰਹ ਸ਼ਰੀਅਤ ਦੀਆਂ ਹੱਦਾਂ ਟਪ ਗਿਆ ਸੀ। ਉਸ ਨੇ ਆਪ-ਮੁਹਾਰੇ ਹੋਕਾ ਦਿਤਾ, 'ਅਨਲ ਹੱਕ'। ਮੈਂ ਹੱਕ ਹਾਂ, ਮੈਂ ਰੱਬ ਹਾਂ। ਅਬਾਸੀ ਖ਼ਲੀਫ਼ਿਆਂ ਨੇ ਉਸ ਨੂੰ ਸ਼ਰਹ ਦਾ ਬਾਗ਼ੀ ਗਰਦਾਨਿਆ। ਉਸ ਨੂੰ ਪੱਥਰਾਂ ਦੀ ਮਾਰ ਮਾਰ ਕੇ ਤੇ ਫਾਂਸੀ ਤੇ ਲਟਕਾ ਕੇ ਸ਼ਹੀਦ ਕਰ ਦਿਤਾ ਗਿਆ।

**੬. ਯੂਨਾਨੀ ਸ਼ਹੀਦੀ ਪਰੰਪਰਾ** ਦੇ ਬਹੁਤ ਲੋਕ ਹਾਮੀ ਹਨ। ਇਸ ਦਾ ਆਧਾਰ ਵੀ ਬਾਕੀ ਪਰੰਪਰਾਵਾਂ ਵਾਂਗੂ ਸਿਧਾਂਤਾਂ ਤੇ ਨੇਕ ਨਿਸ਼ਚਿਆਂ ਤੇ ਨਿਰਭਰ ਹੈ। ਅੱਜ. ਤੋਂ ੨੫੦੦ ਸਾਲ ਪਹਿਲਾਂ, ਯੂਨਾਨ ਦੇ ਪਰਸਿੱਧ ਫ਼ਿਲਾਸਫ਼ਰ ਤੇ ਵਿਚਾਰਵਾਨ ਸੁਕਰਾਤ ਨੇ ਜ਼ਾਲਮ ਹਕੂਮਤ ਤੇ ਲਹੂ-ਚੂਸ ਸਰਮਾਏਦਾਰਾਂ ਦੀਆਂ ਕਰਤੂਤਾਂ ਵਿਰੁੱਧ ਝੰਡਾ ਖੜਾ ਕੀਤਾ। ਇਹਨਾਂ ਜਾਬਰਾਂ ਨੇ ਲੋਕਾਂ ਨੂੰ ਹੱਥ ਹੇਠ ਰੱਖ ਕੇ ਪਿਛਲੱਗ ਬਣਾਇਆ ਹੋਇਆ ਸੀ, ਪਰ ਸੁਕਰਾਤ ਆਜ਼ਾਦੀ ਦਾ ਮੁਦਈ ਸੀ। ਉਸ ਦੇ ਵਿਚਾਰ ਤੇ ਸਿਧਾਂਤ ਹਕੂਮਤ ਨੂੰ ਨਾ ਭਾਏ। ਸੁਕਰਾਤ ਨੂੰ ਬਾਗ਼ੀ ਕਰਾਰ ਦੇ ਕੇ ਉਸ ਨੂੰ ਜ਼ਹਿਰ ਦਾ ਪਿਆਲਾ ਪੀਣ ਦੀ ਸਜ਼ਾ ਦਿਤੀ ਗਈ। ਸੁਕਰਾਤ ਜ਼ਹਿਰ ਦਾ ਪਿਆਲਾ ਪੀ ਕੇ ਮਰਨ ਤੋਂ ਪਹਿਲਾਂ ਯਾਦਗਾਰੀ ਅੱਖਰ ਬੋਲ ਗਿਆ, "ਕਿਸੇ ਦੇ ਖ਼ਿਲਾਫ਼ ਕੋਈ ਗਿਲਾ ਨਹੀਂ, ਮੇਰਾ ਵੇਲਾ ਜਾਣ ਦਾ ਹੀ ਹੈ, ਤੁਹਾਡਾ ਜੀਊਣ ਦਾ ਹੈ।"

**੭. ਸਿੱਖ ਸ਼ਹੀਦੀ ਪਰੰਪਰਾ**–ਦੁਨੀਆ ਭਰ ਦੇ ਮਜ਼ਹਬਾਂ ਨੇ ਇਕੱਲੇ ਦੁਕੱਲੇ ਗਿਣਤੀ ਦੇ ਸ਼ਹੀਦ ਪੈਦਾ ਕੀਤੇ ਹਨ ਅਤੇ ਉਹ ਲੋਕ ਆਪਣੇ ਸ਼ਹੀਦਾਂ ਦੀ ਸ਼ਹੀਦੀ ਨੂੰ ਪਰਚਾਰਦੇ ਹੋਏ ਜ਼ਮੀਨ-ਅਸਮਾਨ ਦੇ ਕਲਾਵੇ ਮਿਲਾ ਦਿੰਦੇ ਹਨ। ਉਹ ਉਨ੍ਹਾਂ ਦੀ ਸ਼ਹੀਦੀ ਨੂੰ ਲਾਸਾਨੀ ਦਸ ਦਸ ਕੇ ਮਾਣ ਨਾਲ ਆਫਰੇ ਫਿਰਦੇ ਹਨ। ਪਰ ਜਦੋਂ ਸਿਖ ਸ਼ਹੀਦੀ ਪਰੰਪਰਾ ਦੇ ਇਤਿਹਾਸ ਵਲ ਨੀਝ ਨਾਲ ਝਾਤੀ ਮਾਰੀਏ ਤਾਂ ਦੁਨੀਆ ਭਰ ਦੀਆਂ ਸ਼ਹੀਦੀ ਪਰੰਪਰਾਵਾਂ ਇਉਂ ਜਾਪਣ ਲਗ ਪੈਂਦੀਆਂ ਹਨ ਜਿਵੇਂ ਚਮਕਦੇ ਸੂਰਜ ਦੇ ਸ਼ਾਹਮਣੇ ਅਕਾਸ਼ ਦਾ ਕੋਈ ਤਾਰਾ ਹੁੰਦਾ ਹੈ।

ਸਿਖ ਸ਼ਹੀਦੀ ਪਰੰਪਰਾ ਦਾ ਅਰੰਭ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਹੁੰਦਾ ਹੈ। ਜਹਾਂਗੀਰ ਬਾਦਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਉਤਮ ਕਰਣੀ ਸਦਕਾ ਉਨ੍ਹਾਂ ਦੀ ਵਧਦੀ ਸ਼ੋਭਾ ਨੂੰ ਸਹਿਣ ਨਾ ਕਰ ਸਕਿਆ। ਉਨ੍ਹਾਂ ਦੇ ਸ਼ਰਧਾਲੂਆਂ ਵਿਚ ਬੇਗਿਣਤ ਵਾਧਾ ਹੁੰਦਾ ਵੇਖ ਕੇ ਉਹ ਆਪਣੀ ਹਕੂਮਤ ਲਈ ਖ਼ਤਰਾ ਮਹਿਸੂਸ ਕਰਨ ਲਗ ਪਿਆ। ਸ਼ੇਖ ਸਰਹੰਦੀ ਜੋ ਹਕੂਮਤ ਪਰ ਛਾਇਆ ਹੋਇਆ ਸੀ ਅਤੇ ਸਿਖ ਧਰਮ ਦਾ ਕਟੜ ਵੈਰੀ ਸੀ, ਉਸ ਦੀਆਂ ਬਾਰ ਬਾਰ ਤੁਖਣਾਂ ਦੇਣ ਤੇ ਜਹਾਂਗੀਰ ਮੁਤਅਸਬ ਦਾ ਸ਼ਿਕਾਰ ਹੋ ਗਿਆ। ਉਹ ਆਪਣੀ ਸਵੈ-ਜੀਵਨੀ 'ਤੁਗਲਕਿ ਜਹਾਂਗੀਰੀ' ਵਿਚ ਗੁਰੂ ਅਰਜਨ ਪਾਤਸ਼ਾਹ ਦੀ ਸਿੱਖੀ ਸੇਵਕੀ ਨੂੰ ਝੂਠ ਦੀ ਦੁਕਾਨ ਕਹਿੰਦਾ ਹੈ। ਉਹ ਲਿਖਦਾ ਹੈ ਕਿ ਇਸ ਝੂਠ ਦੀ ਦੁਕਾਨ ਦਾ ਐਸਾ ਪ੍ਰਭਾਵ ਪੈ ਰਿਹਾ ਸੀ ਕਿ ਕਈ ਮੋਮਨ ਮੁਸਲਮਾਨ ਵੀ ਗੁਰੂ ਅਰਜਨ ਦੇ ਪ੍ਰਭਾਵ ਹੇਠ ਆ ਕੇ ਉਸ ਦੇ ਪੈਰੋਕਾਰ ਬਣਦੇ ਜਾ ਰਹੇ ਸਨ। ਉਹ ਲਿਖਦਾ ਹੈ ਕਿ ਇਸ ਝੂਠ ਦੀ ਦੁਕਾਨ ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਬਾਗ਼ੀ ਹੋ ਚੁਕੇ ਖੁਸਰੋ ਨੂੰ ਸਹਾਇਤਾ ਦੇਣ ਦਾ ਬਹਾਨਾ ਬਣਾ ਕੇ ਪੰਜਵੇਂ ਪਾਤਸ਼ਾਹ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਤਿਗੁਰਾਂ ਨੂੰ ਬਾਣੀ ਵਿਚ ਕੁਝ ਵਾਧ ਘਾਟ ਕਰਨ ਲਈ ਪ੍ਰੇਰਨਾ ਕੀਤੀ ਗਈ। ਪਰ ਸੱਚੇ ਪਾਤਸ਼ਾਹ ਨੇ ਦੁਨੀਆਵੀ ਬਾਦਸ਼ਾਹ ਦੀ ਕੋਈ ਵੀ ਈਨ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਰੋਸ ਵਜੋਂ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਹੋ ਗਏ। ਜਹਾਂਗੀਰ ਆਪਣੇ ਜਰਨੈਲ ਮੁਰਤਜ਼ਾ ਖ਼ਾਂ ਨੂੰ ਇਹ ਹੁਕਮ ਦੇ ਕੇ ਕਸ਼ਮੀਰ ਤੁਰ ਗਿਆ ਕਿ ਇਨ੍ਹਾਂ ਨੂੰ ਯਾਸ਼ਾ ਦੇ ਕਾਨੂੰਨ ਅਨੁਸਾਰ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਜਾਵੇ। ਮੁਰਤਜ਼ਾ ਖ਼ਾਂ ਨੇ ਗੁਰੂ ਸਾਹਿਬ ਨੂੰ ਤਸੀਹੇ ਦੇਣ ਲਈ ਲਾਹੌਰ ਦਰਬਾਰ ਦੇ ਇਕ ਤੁਰਨੇ ਮਿਰ ਦਰਬਾਰੀ ਚੰਦੂ ਲਾਲ ਦੇ ਹਵਾਲੇ ਕਰ ਦਿਤਾ। ਉਸ ਨੇ ਗੁਰੂ ਸਾਹਿਬ ਨੂੰ ਜੋ ਅਕਹਿ ਤੇ ਅਸਹਿ ਤਸੀਹੇ ਦਿਤੇ, ਉਨ੍ਹਾਂ ਨੂੰ ਯਾਦ ਕਰ ਕੇ ਦੁਨੀਆ ਭਰ ਦਾ ਇਤਿਹਾਸ ਕੁਰਲਾ ਉਠਦਾ ਹੈ।

ਸ਼ਾਂਤੀ ਦੇ ਪੁੰਜ ਸਤਿਗੁਰੂ ਜੀ ਭਾਂਬੜ ਮਚਦੀ ਅਗਨੀ ਉਤੇ, ਚੰਗਿਆੜੇ ਸੁਟਦੀ ਲੋਹ ਉਤੇ ਅਡੋਲ ਗੁਰੂ-



www.AKJ.Org

ਪਰਮੇਸ਼ਰ ਨਾਲ ਅਭੇਦ ਹੋਏ ਗੁਣ ਗਾਉਂਦੇ ਰਹੇ। ਤਤੀ ਤਵੀ, ਸੜਦਾ ਬਲਦਾ ਰੇਤਾ ਅਤੇ ਫਿਰ ਪਾਣੀ-ਉਬਲਦੀ-ਦੇਗ ਵਿਚ ਵੀ ਉਹ ਅਡੋਲ-ਚਿਤ ਰਹੇ। ਸਾਈਂ ਮੀਆਂ ਮੀਰ ਜਦ ਆਪਣੀ ਰਿਸਾਈ ਕਰਕੇ ਉਨ੍ਹਾਂ ਪਾਸ ਪਹੁੰਚਿਆ ਤਾਂ ਜ਼ੁਲਮ ਦੀ ਇਹ ਹਦ ਵੇਖ ਕੇ ਉਹ ਬਿਹਬਲ ਹੋ ਗਿਆ। ਉਹ ਤੜਫ ਕੇ ਪੁਕਾਰ ਉਠਿਆ, "ਪਾਤਸ਼ਾਹ, ਮੈਂ ਇਹ ਕਹਿਰ ਨਹੀਂ ਵੇਖ ਸਕਦਾ, ਆਗਿਆ ਕਰੋ ਤਾਂ ਲਾਹੌਰ-ਦਿਲੀ ਦੇ ਤਖ਼ਤ ਭਿੜਾ ਕੇ ਨਸ਼ਟ ਕਰ ਦੇਵਾਂ।" ਮੁਜੱਸਮ ਸ਼ਾਂਤੀ ਸਰੂਪ ਸਤਿਗੁਰੂ ਨੇ ਉਸ ਨੂੰ ਠੰਢਿਆਂ ਕੀਤਾ ਅਤੇ ਹੁਕਮ-ਰਜ਼ਾ ਵਿਚ ਵਰਤਣ ਦੀ ਸੂਝ ਬੂਝ ਬਖ਼ਸ਼ੀ। ਸਤਿਗੁਰੂ ਜੀ ਦੀ ਇਸ ਬੇਮਿਸਾਲ ਸ਼ਹੀਦੀ ਦੇ ਸਾਹਮਣੇ ਦੁਨੀਆ ਭਰ ਦੀਆਂ ਸ਼ਹੀਦੀਆਂ ਮਾਤ ਪੈ ਜਾਂਦੀਆਂ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਜ਼ਿਕਰ ਆਉਂਦਾ ਹੈ। ਉਨ੍ਹਾਂ ਦੀ ਸ਼ਹੀਦੀ ਦੁਖੀ ਪਰਜਾ ਦੇ ਕਾਜ ਲਈ ਸੀ। ਜ਼ੁਲਮ ਦੀ ਚੱਕੀ ਵਿਚ ਪਿਸ ਰਹੀ ਹਿੰਦੂ ਕੌਮ ਦੇ ਕਸ਼ਟ ਨਿਵਾਰਨ ਲਈ ਸੀ। ਉਨ੍ਹਾਂ ਤਿਲਕ-ਧਾਰੀ ਤੇ ਜੰਞੂ-ਧਾਰੀ ਬ੍ਰਾਹਮਣਾਂ ਲਈ ਸੀ, ਜਿਨ੍ਹਾਂ ਦੇ ਧਰਮ ਵਿਚ ਆਪ ਜੀ ਦਾ ਕੋਈ ਅਕੀਦਾ ਨਹੀਂ ਸੀ। ਆਪ ਤਿਲਕ-ਜੰਞੂ ਦੇ ਉਪਾਸ਼ਕ ਨਹੀਂ ਸਨ, ਪਰ ਜਬਰ ਜ਼ੁਲਮ ਲਈ ਆਪਾ ਕੁਰਬਾਨ ਕਰਨ ਤੋਂ ਰਤਾ ਭਰ ਭੀ ਗੁਰੇਜ਼ ਨਹੀਂ ਕੀਤਾ। ਸਤਿਗੁਰਾਂ ਦੇ ਨਾਲ ਆਏ ਗੁਰਸਿਖ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ, ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਉਬਾਲ ਦਿਤਾ ਗਿਆ ਅਤੇ ਭਾਈ ਸਤੀਦਾਸ ਜੀ ਨੂੰ ਰੂੰ ਲਪੇਟ ਕੇ ਅਗ ਦੇ ਭਾਂਬੜਾਂ ਦੇ ਹਵਾਲੇ ਕਰ ਦਿਤਾ ਗਿਆ।

ਇਨ੍ਹਾਂ ਸ਼ਹੀਦੀਆਂ ਤੋਂ ਉਪਰੰਤ ਕਲਗੀਧਰ ਦਸਮੇਸ਼ ਪਿਤਾ ਜੀ, ਉਨ੍ਹਾਂ ਦੇ ਸਾਹਿਬਜ਼ਾਦਿਆਂ, ਮਾਤਾ ਜੀ ਅਤੇ ਬੇਅੰਤ ਸਿਖ ਸ਼ਹੀਦਾਂ ਦਾ ਇਤਨਾ ਲੰਬਾ ਲੜੀਵਾਰ ਸ਼ਹੀਦੀ ਪ੍ਰਸੰਗ ਹੈ ਕਿ ਜਿਸ ਦੀ ਗਿਣਤੀ ਮਿਣਤੀ ਦਾ ਕੋਈ ਅੰਤ ਹੀ ਨਹੀਂ। ਜ਼ੁਲਮਾਂ ਤੇ ਤਸੀਹਿਆਂ ਦਾ ਵੀ ਕੋਈ ਅੰਤ ਨਹੀਂ ਅਤੇ ਜ਼ੁਲਮੀ ਲਾਟ ਉਤੇ ਕੁਰਬਾਨ ਹੋਣ ਵਾਲੇ ਸਿਖ-ਸ਼ਹੀਦ ਪਰਵਾਨਿਆਂ ਦਾ ਵੀ ਕੋਈ ਸ਼ੁਮਾਰ ਨਹੀਂ।

ਸਿਖ ਸ਼ਹੀਦੀਆਂ ਧਰਮ, ਕੌਮ ਤੇ ਦੇਸ਼ ਲਈ, ਬਦੀ ਦੇ ਸਿੰਘਾਰ ਤੇ ਨੇਕੀ ਦੇ ਉਭਾਰ ਲਈ, ਮਾਨਵਤਾ ਦੇ ਗੁਣਾਂ ਦੀ ਕਦਰ-ਕੀਮਤ ਬਰਕਰਾਰ ਰਖਣ ਲਈ ਅਤੇ ਅਨਿਆਈਂ ਤੇ ਅਤਿਆਚਾਰੀ ਹਾਕਮਾਂ ਦੀ ਜੜ੍ਹ-ਮੇਖ ਪੁਟਣ ਲਈ ਹੁੰਦੀਆਂ ਰਹੀਆਂ ਹਨ ਤੇ ਹੁੰਦੀਆਂ ਚਲੀਆਂ ਆ ਰਹੀਆਂ ਹਨ। ਕੇਵਲ ਆਪਣੇ ਧਰਮ ਲਈ ਹੀ ਨਹੀਂ, ਸਗੋਂ ਦੂਜਿਆਂ ਦੇ ਧਰਮ ਤੇ ਸੰਸਕ੍ਰਿਤੀ ਨੂੰ ਬਚਾਉਣ ਲਈ ਵੀ ਸਿੱਖਾਂ ਨੇ ਸਿੱਖੀ ਧਰਮ ਪਾਲਦੇ ਹੋਇਆਂ ਇੰਨੀ ਮਹਾਨ ਗਿਣਤੀ ਵਿਚ ਸ਼ਹੀਦੀਆਂ ਦਿੱਤੀਆਂ ਕਿ 'ਸ਼ਹੀਦ' ਤੇ 'ਸਿੰਘ' ਸ਼ਬਦ ਦੇ ਅਰਥ ਇਕੋ ਮਿਥੇ ਜਾਣ ਲਗ ਪਏ। ਇਉਂ ਸਮਝਿਆ ਗਿਆ ਕਿ ਸਿਖਾਂ ਦੀ ਧਰਮ-ਮਰਯਾਦਾ ਤੇ ਧਾਰਮਿਕ ਨਿਯਮਾਵਲੀ ਅਨੁਸਾਰ ਸਿਖ ਲਈ ਲੋੜ ਪੈਣ ਤੇ ਸ਼ਹੀਦ ਹੋਣਾ ਵੀ ਜ਼ਰੂਰੀ ਹੈ। ਸਿਖ ਧਰਮ ਦੀ ਨੀਂਹ ਰਖਣ ਵੇਲੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਦਾ ਸੰਕੇਤ ਦੇ ਦਿਤਾ ਸੀ :–

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (ਪੰਨਾ ੧੪੧੨)

ਇਸੇ ਪਰੰਪਰਾ ਸਦਕਾ ਦੋਖੀ ਤੇ ਦੁਸ਼ਮਣ ਵੀ ਇਹਨਾਂ ਮਰਜੀਵੜਿਆਂ ਨੂੰ 'ਸਰਦਾਰ' (ਜ਼ਿੰਦਾ ਸ਼ਹੀਦ) ਦਾ ਖ਼ਿਤਾਬ ਦੇਣ ਲਈ ਮਜਬੂਰ ਹੋ ਗਏ। 'ਸਰਦਾਰ', ਭਾਵ, ਸਿਰ ਵਾਲਾ ਉਹੀ ਅਖਵਾ ਸਕਦਾ ਹੈ ਜੋ ਸਿਰ ਲੇਖੇ ਲਾਵੇ। ਸਿਰ, ਗੌਰਵ, ਅਣਖ, ਸਵੈ-ਵਿਸ਼ਵਾਸ, ਸੁਚ-ਮੁੱਚ ਵਡੱਪਣ ਤੇ ਸੁਚੱਜਤਾ ਦਾ ਲਖਾਇਕ ਹੈ। ਇਹ ਫ਼ਾਰਸੀ ਬੋਲੀ ਦਾ ਸ਼ਬਦ ਹੈ। 'ਦਾਰ' ਦੇ ਅਰਥ ਫਾਂਸੀ ਵੀ ਹਨ। ਸੋ ਫਾਂਸੀ ਦੇ ਰੱਸੇ ਨੂੰ ਚੁੰਮਣ ਵਾਲੇ ਨੂੰ ਵੀ ਸਰਦਾਰ ਦੀ ਉਪਾਧੀ ਮਿਲਦੀ ਹੈ ਤੇ ਉਹ ਸ਼ਹੀਦ ਹੋ ਕੇ ਅਕਾਲ ਪੁਰਖ ਤੇ ਸਤਿਗੁਰਾਂ ਦਾ ਅਨਿੰਨ ਭਗਤ ਹੋਣ ਦੀ ਸ਼ਹਾਦਤ ਜਾਂ ਗਵਾਹੀ ਭਰਦਾ ਹੈ। ਇਹ ਹੁੰਦਾ ਵੀ ਕਿਉਂ ਨਾ? ਸਤਿਗੁਰਾਂ ਨੇ ਆਪ ਤੇ ਆਪਣੇ ਜਿਗਰ ਦੇ ਟੋਟਿਆਂ ਦੀਆਂ ਆਹੂਤੀਆਂ ਪਹਿਲਾਂ ਦੇ ਕੇ ਸਿੰਘਾਂ ਨੂੰ ਰਾਹ ਦਿਖਾਇਆ :–

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥ (੧੧੦੫)

www.AKJ.Org

# ਅਸਚਰਜ ਸ਼ਰਧਾ

[ਪ੍ਰੋਫੈਸਰ ਸਾਹਿਬ ਸਿੰਘ ਜੀ]

੯ ਜੁਲਾਈ ੧੯੨੫ ਦਾ ਦਿਹਾੜਾ ਸਿੱਖ ਗੁਰਦੁਆਰਾ-ਇਤਿਹਾਸ ਵਿਚ ਖ਼ਾਸ ਤੌਰ ਤੇ ਚੇਤੇ ਰੱਖਣ ਵਾਲਾ ਹੈ।

ਗੁਰਦੁਆਰਿਆਂ ਵਲੋਂ ਸਿੱਖ ਕੌਮ ਦੀ ਲੰਮੀ ਗ਼ਫਲਤ ਦੇ ਕਾਰਨ ਗੁਰਦੁਆਰਿਆਂ ਦੇ ਸੇਵਾਦਾਰ ਆਪਣੇ ਆਪ ਨੂੰ ਗੁਰ-ਅਸਥਾਨਾਂ ਦੇ ਮਾਲਕ ਸਮਝਣ ਲੱਗ ਪਏ ਸਨ। ਤੇ ਕਈ ਗੁਰਦੁਆਰਿਆਂ ਦੇ ਸੇਵਕ 'ਸਿਰ ਤੇ ਨਾ ਕੁੰਡਾ, ਹਾਥੀ ਫਿਰਦਾ ਲੁੰਡਾ' ਦੇ ਅਖਾਣ ਅਨੁਸਾਰ ਮਨ-ਮੰਨੀਆਂ ਮੌਜਾਂ ਵਿਚ ਦਿਨ ਗੁਜ਼ਾਰਨੇ ਹੀ ਆਪਣਾ ਜੀਵਨ-ਕਰਤੱਬ ਮਿਥ ਬੈਠੇ ਸਨ।

ਗੁਰਦੁਆਰਿਆਂ ਦੇ ਨਾਲ ਜਗੀਰਾਂ ਜਾਇਦਾਦਾਂ ਬਥੇਰੀਆਂ ਸਨ। ਮਹੰਤ ਪੁਜਾਰੀ ਸੱਜਣਾਂ ਨੂੰ ਰੋਜ਼ੀ ਵਲੋਂ ਕੋਈ ਧੋਖਾ ਨਹਾਂ ਸੀ, ਕਿਰਤ-ਕਾਰ ਕਰਨ ਦੀ ਉਹਨਾਂ ਨੂੰ ਕੋਈ ਲੋੜ ਨਹੀਂ ਸੀ, ਆਦਰ-ਮਾਨ-ਸਤਕਾਰ ਭੀ ਬਥੇਰਾ ਹਾਸਲ ਸੀ, ਕਿਉਂਕਿ ਭੋਲੇ ਲੋਕ ਇਹਨਾਂ ਨੂੰ ਗੁਰ-ਅਸਥਾਨਾਂ ਦੇ ਸੇਵਕ ਜਾਣ ਕੇ ਤੇ ਸਤਿਗੁਰੂ ਦੇ ਨੇੜ-ਵਰਤੀ ਸਮਝ ਕੇ ਮੱਥੇ ਭੀ ਆ ਟੇਕਦੇ ਸਨ, ਤੇ ਨਿੱਤ ਨਵੀਆਂ ਭੇਟਾਂ ਭੀ ਲਿਆਉਂਦੇ ਸਨ। ਕਿਰਤ-ਕਾਰ ਵਲੋਂ ਖੁਲ੍ਹੀ ਵਿਹਲ ਤੇ ਪੂਜਾ ਪ੍ਰਤਿਸ਼ਟਾ—ਇਹ ਉੱਚ ਜੀਵਨ ਦੇ ਸਦਾ ਤੋਂ ਵੈਰੀ ਤੁਰੇ ਆ ਰਹੇ ਹਨ। ਕੋਈ ਵਿਰਲਾ ਸੂਰਮਾ ਸੰਭਲਦਾ ਹੈ, ਜੋ ਆਪਣਾ ਜੀਵਨ ਉਹਨਾਂ ਭੋਲੇ-ਭਾਲੇ ਲੋਕਾਂ ਦੀ ਭਲਾਈ ਵਾਸਤੇ ਅਰਪਨ ਕਰੇ, ਜਿਨ੍ਹਾਂ ਨੇ ਆਪਣੀ ਹੱਡ ਭੰਨ ਕੇ ਕੀਤੀ ਕਮਾਈ ਸਤਕਾਰ-ਆਦਰ ਨਾਲ ਇਹਨਾਂ ਦੇ ਅੱਗੇ ਰਖ ਕੇ ਇਹਨਾਂ ਨੂੰ ਵਿਹਲ ਦਾ ਅਵਸਰ ਦਿੱਤਾ ਹੁੰਦਾ ਹੈ।

ਗੁਰਦੁਆਰਿਆਂ ਦੇ ਸੇਵਕਾਂ ਦੇ ਸਿਰ ਉਤੇ ਕੋਈ ਕੁੰਡਾ ਨਾ ਰਹਿ ਜਾਣ ਕਰਕੇ ਇਹ ਵਿਚਾਰੇ ਅਨਪੜ੍ਹ ਜਨਤਾ ਨੂੰ ਰਾਹ ਦੱਸਣ ਦੇ ਥਾਂ ਆਪ ਹੀ ਔਝੜੇ ਪੈਂਦੇ ਗਏ। ਇਹਨਾਂ ਵਿਚ ਕਈ ਲੋਕ ਤਾਂ ਇਤਨੇ ਥਿੜਕੇ ਕਿ ਇਹਨਾਂ ਦੇ ਥਿੜਕਣ ਦਾ ਇਹ ਰੋਗ ਭੋਲੀ ਸੁੱਤੀ ਖ਼ਲਕਤ ਲਈ ਦਾਰੂ ਬਣ ਗਿਆ। ਇਹਨਾਂ ਸੇਵਕਾਂ ਦੀ ਗ਼ਫ਼ਲਤ ਦੀ ਨੀਂਦ ਦੇ ਘੁਰਾੜਿਆਂ ਦੇ ਲੋਕਾਂ ਨੂੰ ਜਗਾ ਦਿੱਤਾ।

**ਸਿੰਘਾਂ ਦੀ ਸੂਰਮਤਾ—**

ਪੰਜਾਬ ਦੀ ਸਾਰੀ ਹੀ ਧਰਤੀ ਉਤੇ ਗੁਰਦੁਆਰਿਆਂ ਦਾ ਜਾਲ ਵਿਛਿਆ ਹੋਇਆ ਹੈ। ਸੰਨ ੧੯੨੦ ਵਿਚ ਥਾਂ ਥਾਂ ਕਈ ਗੁਰ-ਅਸਥਾਨਾਂ ਦੇ ਕੁਰਾਹੇ ਪਏ ਸੇਵਕਾਂ ਦੀਆਂ ਹਿਰਦੇ-ਵੇਧਕ ਉਕਾਈਆਂ ਨੇ ਅਸਥਾਨਕ ਸਿੱਖ-ਜਨਤਾ ਨੂੰ ਟੁੰਬ ਕੇ ਸੁਚੇਤ ਕਰ ਦਿੱਤਾ। ਢੱਠੀ ਹੋਈ ਵਾੜ ਨੂੰ ਮੁੜ ਖੜੀ ਕਰਨ ਲਈ ਖੇਤੀ ਲੱਕ ਬੰਨ੍ਹ ਖਲੋਤੀ। ਪਿੰਡ ਪਿੰਡ, ਹਲਕੇ ਹਲਕੇ, ਥਾਣੇ ਥਾਣੇ ਦੇ ਇਲਾਕੇ ਵਿਚ ਅਕਾਲੀ ਜੱਥੇ ਬਣਨੇ ਸ਼ੁਰੂ ਹੋ ਗਏ। ਜੋਸ਼ ਦਾ ਹੜ੍ਹ ਆ ਗਿਆ। ਜਾਗੀ ਸਿੱਖ-ਜਨਤਾ ਦਾ ਸਮੁੰਦਰ ਠਾਠਾਂ ਮਾਰਨ ਲੱਗ ਪਿਆ। ਇਹ ਹੜ੍ਹ ਸਿਰਫ ਗੁਰਦੁਆਰਿਆਂ ਵਿਚੋਂ ਗੰਦ-ਮੰਦ ਰੋੜ੍ਹਨ ਲਈ ਆਇਆ ਸੀ। ਕਰਤਾਰ ਦੀ ਮਿਹਰ ਦਾ ਸਦਕਾ ਮੇਘ ਜੀਆਂ ਲਈ ਅੰਨ-ਧਨ ਪੈਦਾ ਕਰਨ ਲਈ ਵਰ੍ਹਦੇ ਹਨ, ਪਰ ਜਦੋਂ ਕਾਂਗ ਆਉਂਦੀ ਹੈ ਤਾਂ ਉਹ ਵੱਸਦੇ ਪਿੰਡਾਂ ਦੇ ਪਿੰਡ ਭੀ ਰੋੜ੍ਹ ਕੇ ਲੈ ਜਾਂਦੀ ਹੈ। ਉੱਜੜਿਆਂ ਨੂੰ ਵਸਾਣ ਆਈ ਵਰਖਾ ਵੱਸਦਿਆਂ ਨੂੰ ਭੀ ਉਜਾੜ ਜਾਂਦੀ ਹੈ।

ਸੁੱਤੀ ਜਨਤਾ ਦੀ ਨੀਂਦਰ ਤੋਂ ਰੰਗ-ਰਲੀਆਂ ਮਨਾਣ ਵਾਲਿਆਂ ਨੂੰ ਘਬਰਾਹਟ ਪੈ ਗਈ ਕਿ ਇਹ ਹੜ੍ਹ ਗੁਰਦੁਆਰਿਆਂ ਦੇ ਪਰਬੰਧ ਦੀ ਸੋਧ ਕਰ ਕੇ ਕਿਤੇ ਗਰੀਬੀ ਤੇ ਅਨਪੜ੍ਹਤਾ ਦੀਆਂ ਖੜੀਆਂ ਕੀਤੀਆਂ ਚਟਾਨਾਂ ਨੂੰ ਢਾਹ ਨਾ ਲਾ ਦੇਵੇ। ਜਹਾਂਗੀਰ ਨੂੰ ਭੀ ਗੁਰੂ ਨਾਨਕ ਪਾਤਿਸ਼ਾਹ ਤੇ ਉਸ ਦੇ ਜਾ-ਨਸ਼ੀਨਾਂ ਦੇ ਲਿਆਂਦੇ ਹੜ੍ਹ ਤੋਂ ਇਹੀ ਫ਼ਿਕਰ ਪਿਆ ਸੀ। ਸੋ, ਬਿਦੇਸ਼ੀ ਸਰਕਾਰ ਨੇ ਸਿੱਖ ਕੌਮ ਦੇ ਗੁਰ-ਅਸਥਾਨਾਂ ਦੇ ਸੇਵਕਾਂ ਨੂੰ ਜਾਗ ਪਈ ਸਿੱਖ-ਕੌਮ ਦੇ ਟਾਕਰੇ ਤੇ ਅੜਨ ਲਈ ਸ਼ਹਿ ਦਿੱਤੀ। ਇਹ ਇਕ ਕੁਦਰਤੀ ਗੱਲ ਸੀ। ਰਣ ਤੱਤਾ ਹੋ ਪਿਆ। ਸੂਰਮਿਆਂ ਨੂੰ ਲਾਲੀਆਂ ਚੜ੍ਹ ਆਈਆਂ। ਪੰਜਾਬ ਦੀ ਧਰਤੀ ਦੇ ਚੱਪੇ ਚੱਪੇ ਤੋਂ ਇਹੀ ਗੂੰਜ ਪੈਣ ਲੱਗ ਪਈ :—



www.AKJ.Org

ਸਿਰੁ ਧਰਿ ਤਲੀ, ਗਲੀ ਮੇਰੀ ਆਉ ।
ਸਿਰੁ ਧਰਿ ਤਲੀ, ਗਲੀ ਮੇਰੀ ਆਉ ।

ਕਈ ਥਾਈਂ ਮੋਰਚੇ ਲੱਗੇ । ਤਲੀ ਉਤੇ ਸਿਰ ਰੱਖ ਕੇ ਆਏ ਸਿੰਘਾਂ ਨੇ ਕਿਸੇ ਭੀ ਮੋਰਚੇ ਤੋਂ ਪੈਰ ਪਿਛਾਂਹ ਨਾ ਹਟਾਇਆ । ਜਿਉਂ ਜਿਉਂ ਵਿਰੋਧੀ ਧੜੇ ਨੂੰ ਲਾਜ ਪੈਂਦੀ ਗਈ, ਤਿਉਂ ਤਿਉਂ ਅਗਲਾ ਮੋਰਚਾ ਵਧੀਕ ਕਰੜਾ ਹੁੰਦਾ ਗਿਆ । ਗੁਰੂ ਕੇ ਬਾਗ ਦੇ ਮੋਰਚੇ ਉਤੇ ਸਿੰਘਾਂ ਨੂੰ ਪੈਂਦੀ ਬੇ-ਦਰਦੀ ਦੀ ਮਾਰ ਅਤੇ ਸਿੰਘਾਂ ਦੀ ਸ਼ਾਂਤ-ਮਈ ਤੇ ਸਹਿਨ-ਸ਼ੀਲਤਾ ਨੇ ਸਾਰੀ ਧਰਤੀ ਹੀ ਹਿਲਾ ਦਿੱਤੀ । ਅਮਰੀਕਾ ਤਕ ਤੋਂ ਲੋਕ ਵੇਖਣ ਆਉਣ ਲੱਗ ਪਏ । ਵੈਰੀ ਨੇ ਆਪਣੀ ਇਸ ਬੇ-ਰਹਿਮੀ ਨੂੰ ਨਸ਼ਰ ਹੁੰਦਿਆਂ ਵੇਖ ਕੇ ਪੈਂਤੜਾ ਬਦਲ ਦਿੱਤਾ । ਸਿੰਘਾਂ ਦੀ ਗ੍ਰਿਫਤਾਰੀ ਸ਼ੁਰੂ ਹੋ ਗਈ । ਇਧਰੋਂ ਇਕ ਇਕ ਸੌ ਦਾ ਰੋਜ਼ਾਨਾ ਜੱਥਾ ਜਾਣ ਲੱਗ ਪਿਆ । ਅੰਮ੍ਰਿਤਸਰ ਦੀ ਜੇਲ੍ਹ ਤੇ ਗੋਬਿੰਦ ਗੜ੍ਹ ਦੇ ਕਿਲ੍ਹੇ ਦੇ ਨਾਲ ਬਾਹਰਲੇ ਪਾਸ ਬਣਾਈ ਤੰਬੂਆਂ ਦੀ ਜੇਲ੍ਹ ਵਿਚ ਥਾਂ ਨਾ ਰਹਿ ਗਿਆ । ਸਾਰੀ ਸ੍ਰਿਸ਼ਟੀ ਰਾਤ ਦੀ ਇਕਾਂਤ ਦੀ ਝੋਲੀ ਵਿਚ ਟਿਕੀ ਪਈ ਸੀ । ਪੰਛੀ ਭੀ ਆਪਣੇ ਆਲ੍ਹਣਿਆਂ ਵਿਚ ਮਸਤ ਸੁੱਤੇ ਪਏ ਸਨ । ਸਟੇਸ਼ਨ ਵਲ ਤੁਰੇ ਜਾਂਦੇ ਇਹਨਾਂ ਸਿੰਘਾਂ ਸੂਰਮਿਆਂ ਨੇ ਦਰਦ-ਭਰੀ ਮਿਲਵੀਂ ਸੁਰ ਵਿਚ ਗਾ ਕੇ ਜਰਵਾਣੇ ਨੂੰ ਇਉਂ ਸਮਝਾਣਾ ਸ਼ੁਰੂ ਕੀਤਾ :–

ਕਿਉਂ ਜ਼ੁਲਮ ਕਮਾਨਾ ਏਂ ? ਜ਼ਾਲਮਾ ! ਰਾਜ ਸਦਾ ਨਹੀਂ ਰਹਿਣਾ ।
ਕਿਉਂ ਜ਼ੁਲਮ ਕਮਾਨਾ ਏਂ ? ਜ਼ਾਲਮਾ !

[ਨੋਟ :–ਮੈਂ ਤਦੋਂ ਇਸ ਮੋਰਚੇ ਵੇਲੇ ਸਾਥੀਆਂ ਸਮੇਤ ਅੰਮ੍ਰਿਤਸਰ ਦੀ ਜੇਲ੍ਹ ਵਿਚ ਗ੍ਰਿਫਤਾਰ ਸਾਂ । ਸਿੰਘਾਂ ਦਾ ਇਹ ਗੀਤ ਮੈਂ ਉਸ ਵੇਲੇ ਆਪਣੀ ਕੰਨੀਂ ਸੁਣਿਆ ਸੀ ।]

ਅੱਧੀ ਰਾਤ ਦੀ ਇਕਾਂਤ ਵਿਚ ਸਟੇਸ਼ਨ ਵਲ ਜਾ ਰਹੇ ਉਹਨਾਂ ਸਿੰਘਾਂ ਦਾ ਰਲ ਕੇ ਗਾਉਣਾ ! ਧਰਤੀ ਕੰਬ ਗਈ । ਕਾਇਰਾਂ ਦੇ ਦਿਲ ਭੀ ਹਿੱਲ ਖਲੋਤੇ ।

ਜਨਤਾ ਸ਼ੇਰ ਹੈ, ਬੱਬਰ-ਸ਼ੇਰ । ਸੁੱਤੇ ਹੋਏ ਉੱਤੇ ਚੂਹੀਆਂ ਭੀ ਨੱਚਦੀਆਂ ਫਿਰਦੀਆਂ ਹਨ । ਪਰ ਹੁਣ ਸ਼ੇਰ ਜਾਗ ਪਿਆ ਸੀ । ਪੰਜ ਸਾਲਾਂ ਦੀਆਂ ਬੇਅੰਤ ਮੁਸੀਬਤਾਂ ਸਹਾਰ ਕੇ ਇਹ ਸ਼ੇਰ ਸੰਭਲ ਖਲੋਤਾ ਸੀ । ਜਾਗੇ ਹੋਏ ਸ਼ੇਰ ਦੀ ਭਬਕ ਨੇ ਵੈਰੀ ਦੇ ਹੌਂਸਲੇ ਢਾਹ ਦਿੱਤੇ । ਤੇ ੯ ਜੁਲਾਈ ੧੯੨੫ ਵਾਲੇ ਦਿਨ ਸ਼ਿਮਲੇ ਦੇ ਸਮਾਗਮ ਵਿਚ ਪੰਜਾਬ ਕੌਂਸਲ ਪਾਸੋਂ ਗੁਰਦੁਆਰਿਆਂ ਦਾ ਕਾਨੂੰਨ ਪਾਸ ਕਰਾ ਦਿਤਾ, ਜਿਸ ਦੀ ਰਾਹੀਂ ਸਿੱਖ ਕੌਮ ਨੂੰ ਇਹ ਅਧਿਕਾਰ ਮਿਲ ਗਿਆ ਕਿ ਆਪਣੇ ਪ੍ਰਤੀਨਿਧਾਂ ਦੀ ਰਾਹੀਂ ਆਪਣੇ ਗੁਰਦੁਆਰਿਆਂ ਦਾ ਪ੍ਰਬੰਧ ਇਹ ਆਪ ਕਰ ਸਕੇ ।

ਜਗਤ ਇਕ ਅਖਾੜਾ ਹੈ । ਜੀਵ ਇਸ ਅਖਾੜੇ ਦੇ ਘੁਲਾਟੀਏ ਹਨ । ਤ੍ਰਿਸ਼ਨਾ ਆਦਿਕ ਵਿਕਾਰਾਂ ਨਾਲ ਹਰ ਵੇਲੇ ਹੀ ਘੋਲ ਕਰਨੇ ਪੈਂਦੇ ਹਨ । ਭਲਵਾਨ ਦੇ ਇਕ ਭੀ ਗ਼ਲਤ ਪੈਂਤੜੇ ਨਾਲ ਇਸ ਦਾ ਸਾਰਾ ਜੀਵਨ-ਘੋਲ ਹਰ ਸਕਦਾ ਹੈ ।

ਇਹੀ ਹਾਲ ਇਥੇ ਕੌਮਾਂ ਤੇ ਦੇਸ਼ਾਂ ਦਾ ਹੈ । ਗੁਆਂਢੀ ਕੌਮਾਂ ਤੇ ਦੇਸ਼ਾਂ ਨੂੰ ਕਮਜ਼ੋਰ ਕਰ ਆਪਣੇ ਸੁਖਾਂ ਦੀ ਖ਼ਾਤਰ ਦੌੜ-ਭੱਜ ਹੋ ਰਹੀ ਹੈ । ਜਿਸ ਭੀ ਕੌਮ ਜਾਂ ਦੇਸ਼ ਦਾ ਆਗੂ ਇਸ ਅਖਾੜੇ ਵਿਚ ਕਿਸੇ ਪੈਂਤੜੇ ਤੋਂ ਖੁੰਝ ਜਾਂਦੇ ਹਨ, ਉਹ ਕਈ ਵਾਰੀ ਆਪਣੀ ਕੌਮ ਤੇ ਆਪਣੇ ਦੇਸ਼ ਨੂੰ ਅਜਿਹੀ ਨਿੱਘਰੀ ਹਾਲਤ ਵਿਚ ਲੈ ਅੱਪੜਦੇ ਹਨ ਕਿ ਉਸ ਵਿਚੋਂ ਨਿਕਲਣਾ ਕੋਈ ਸੌਖੀ ਖੇਡ ਨਹੀਂ ਹੁੰਦੀ ।

### ਕਾਹਲੀ ਅੱਗੇ ਟੋਏ–

੯ ਜੁਲਾਈ ੧੯੨੫ ਨੂੰ ਪੰਥ ਦੇ ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਕੌਮ ਦੇ ਆਪਣੇ ਹੱਥ ਵਿਚ ਆ ਗਿਆ । ਪਰ ਉਸ ਵੇਲੇ ਦੀ ਪੰਥਕ ਜੱਥੇਬੰਦੀ ਨੂੰ ਪੰਥਕ ਆਗੂਆਂ ਦੇ ਉਸੇ ਦਿਨ ਦੇ ਕਾਹਲੀ ਦੇ ਚੁੱਕੇ ਕਦਮ ਨੇ ਬੜੀ ਹੀ ਕਾਰੀ ਸੱਟ ਭੀ ਮਾਰ ਦਿੱਤੀ ।

ਗੁਰਦੁਆਰਾ-ਕਾਨੂੰਨ ਪਾਸ ਹੋ ਜਾਣ ਤੇ ਪੰਜਾਬ-ਗਵਰਨਰ ਨੇ ਅਸੈਂਬਲੀ-ਹਾਲ ਵਿਚ ਆ ਕੇ ਮੈਂਬਰਾਂ ਨੂੰ


www.AKJ.Org

ਵਧਾਈ ਦਿੱਤੀ ਤੇ ਖੁਸ਼ੀ ਪ੍ਰਗਟ ਕੀਤੀ ਕਿ ਹੁਣ ਸਿੱਖ-ਕੌਮ ਵਿਚੋਂ ਗੁਰਦੁਆਰਿਆਂ ਦੇ ਪ੍ਰਬੰਧ ਬਾਰੇ ਅਸ਼ਾਂਤੀ ਦੂਰ ਹੋ ਜਾਏਗੀ। ਸਹਿਜ-ਸੁਭਾਇ ਪੋਲੇ-ਮੂੰਹ ਇਹ ਭੀ ਕਹਿ ਦਿਤੋਸੁ ਕਿ ਚੂੰਕਿ ਇਹ ਗੁਰਦਵਾਰਾ-ਕਾਨੂੰਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪੂਰੀ ਸੁਲਾਹ-ਸੰਮਤੀ ਨਾਲ ਬਣਿਆ ਹੈ, ਇਹ ਆਸ ਕੀਤੀ ਜਾਂਦੀ ਹੈ ਕਿ ਸਾਰੀ ਸਿੱਖ ਕੌਮ ਇਸ ਨੂੰ ਵਰਤੋਂ ਵਿਚ ਲਿਆਵੇਗੀ ਤੇ ਕਿਸੇ ਭੀ ਗੁਰਦੁਆਰੇ ਉਤੇ ਕਿਸੇ ਭੀ ਜੱਥੇ ਵਲੋਂ ਧੱਕੇ ਨਾਲ ਕਬਜ਼ਾ ਕਰਨ ਦਾ ਜਤਨ ਨਹੀਂ ਕੀਤਾ ਜਾਏਗਾ। ਗੁਰਦੁਆਰਾ-ਅੰਦੋਲਨ ਦੇ ਸੰਬੰਧ ਵਿਚ ਜੋ ਸਿੱਖ ਇਸ ਵੇਲੇ ਜੇਲ੍ਹਾਂ ਵਿਚ ਹਨ, ਉਹਨਾਂ ਵਿਚੋਂ ਜੋ ਜੋ ਸਿੱਖ ਇਸ ਗੁਰਦੁਆਰਾ ਕਾਨੂੰਨ ਉਤੇ ਤੁਰਨ ਦਾ ਇਕਰਾਰ ਲਿਖ ਦੇਵੇ ਉਸ ਨੂੰ ਜੇਲ੍ਹ ਵਿਚੋਂ ਰਿਹਾ ਕਰ ਦਿੱਤਾ ਜਾਏਗਾ।

ਬੜੇ ਧੀਰਜ, ਸੋਚ-ਵਿਚਾਰ ਤੇ ਸੰਭਲਣ ਦਾ ਵੇਲਾ ਸੀ। ਇਸ ਗੱਲ ਦੀ ਭਾਰੀ ਲੋੜ ਸੀ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੇਤਾ ਸਿਰ ਜੋੜ ਕੇ ਗਵਰਨਰ ਦੇ ਕਥਨ ਨੂੰ ਵਿਚਾਰਦੇ, ਤੇ ਪੰਥਕ ਜੱਥੇ-ਬੰਦੀ ਨੂੰ ਵੈਰੀ ਵਲੋਂ ਇਸ ਨਵੀਂ ਪਈ ਸੱਟ ਤੋਂ ਬਚਾਣ ਦਾ ਰਸਤਾ ਲੱਭਦੇ। ਪਰ ਬੜੀ ਕਾਹਲੀ ਕੀਤੀ ਗਈ! ਉਥੇ ਗੈਲਰੀ ਵਿਚ ਬੈਠੇ ਹੋਏ ਸ਼ਰੋਮਣੀ ਕਮੇਟੀ ਦੇ ਇਕ ਜ਼ਿੰਮੇਵਾਰ ਸੱਜਣ ਨੇ ਜ਼ਿੰਮੇਵਾਰੀ ਆਪਣੇ ਹੱਥ ਵਿਚ ਲੈ ਲਈ। ਸਾਥੀ ਆਗੂਆਂ ਨਾਲ ਸਲਾਹ ਕਰਨ ਤੋਂ ਬਿਨਾਂ ਹੀ ਸ਼ਿਮਲੇ ਬੈਠੇ ਨੇ ਅਖ਼ਬਾਰਾਂ ਦੇ ਪੱਤਰ ਪ੍ਰੇਰਕਾਂ ਨੂੰ ਕਹਿ ਦਿੱਤਾ ਕਿ ਰਿਹਾਈ ਬਾਰੇ ਗਵਰਨਰ ਦੀ ਲਾਈ ਸ਼ਰਤ ਬੜੀ ਹੱਤਕ-ਭਰੀ ਹੈ, ਕੋਈ ਭੀ ਸਿੱਖ ਇਸ ਨੂੰ ਮੰਨ ਕੇ ਜੇਲ੍ਹੋਂ ਬਾਹਰ ਆਉਣ ਲਈ ਤਿਆਰ ਨਹੀਂ ਹੋਵੇਗਾ। ਇਸੇ ਤਰ੍ਹਾਂ ਦਾ ਇਕ ਐਲਾਨ ਅੰਮ੍ਰਿਤਸਰ ਬੈਠੇ ਇਕ ਆਗੂ ਨੇ ਭੀ ਕਰ ਦਿੱਤਾ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਪੁਰਾਣੇ ਹੰਢੇ-ਵਰਤੇ ਨੇਤਾ ਲਾਹੌਰ-ਕਿਲ੍ਹੇ ਦੇ ਅੰਦਰ ਹੀ ਡੱਕੇ ਰਹਿ ਗਏ। ਉਹਨਾਂ ਦੀ ਰਾਇ ਕਿਸੇ ਨੇ ਜਾ ਕੇ ਪਹਿਲਾਂ ਪੁੱਛਣ ਦੀ ਲੋੜ ਹੀ ਪ੍ਰਤੀਤ ਨਾ ਕੀਤੀ। ਤੇ, ਉਹਨਾਂ ਹੀ ਮਹੀਨਿਆਂ-ਬੱਧੀ ਮਿਹਨਤ ਕਰ ਕੇ ਗੁਰਦੁਆਰਾ-ਕਾਨੂੰਨ ਬਣਾਇਆ-ਬਣਵਾਇਆ ਸੀ।

ਅਖ਼ਬਾਰਾਂ ਵਿਚ ਬਿਆਨ ਦੇਣ ਵਾਲੇ ਮੁਖੀਆਂ ਦੇ ਬਿਆਨ ਪੜ੍ਹ ਸੁਣ ਕੇ ਸਿੱਖ-ਜਨਤਾ ਦੇ ਮੂੰਹ ਹੈਰਾਨੀ ਨਾਲ ਅੱਡੇ ਰਹਿ ਗਏ। ਗੁਆਂਢੀ ਕੌਮਾਂ ਦੇ ਸਿਆਣਿਆਂ ਵਿਚ ਭੀ ਇਹ ਗੱਲਾਂ ਹੋਣ ਲੱਗ ਪਈਆਂ ਕਿ ਸਿੱਖ ਬਹਾਦਰਾਂ ਦੀ ਪੁਲਸੀ ਡਾਂਗਾਂ ਤੇ ਗੋਲੀਆਂ ਦੇ ਸਾਹਮਣੇ ਵਿਖਾਈ ਹੋਈ ਸੂਰਮਤਾ ਸ਼ਾਇਦ ਭੰਗ ਦੇ ਭਾੜੇ ਹੀ ਜਾਂਦੀ ਜਾਪਦੀ ਹੈ। ਵੈਰੀਆਂ ਦੀਆਂ ਗੋਲੀਆਂ ਦੇ ਅੱਗੇ ਛਾਤੀ ਡਾਹੁਣ ਵਾਲਾ ਸ਼ੇਰ-ਮਰਦ ਰਾਜਨੀਤੀ ਦੇ ਅਖਾੜੇ ਵਿਚ ਪੈਂਤੜੇ ਤੋਂ ਉਖੜ ਗਿਆ ਜਾਪਣ ਲੱਗ ਪਿਆ।

ਪੂਰੇ ਪੰਜ ਸਾਲ ਜੱਥੇ-ਬੰਦ ਰਹਿ ਕੇ ਵੈਰੀ ਨੂੰ ਆਪਣੀ ਕੁਰਬਾਨੀ ਦੀ ਸ਼ਾਂਤ ਵਿਖਾ ਸਕਣ ਵਾਲੇ ਅੱਜ ਜੱਥੇਬੰਦੀ ਦੀ ਬਰਕਤ ਨੂੰ ਭੁਲਾ ਕੇ, ਕੋਈ ਮਿਲਵਾਂ ਫ਼ੈਸਲਾ ਕਰਨ ਤੋਂ ਬਿਨਾ ਹੀ ਕੁਝ ਆਗੂ ਆਪਣੇ ਦਮਗਜੇ ਮਾਰਨ ਲੱਗ ਪਏ। ਜੱਥੇਬੰਦੀ ਦਾ ਲੱਕ ਟੁੱਟ ਗਿਆ। ਸਿੱਖ-ਜਨਤਾ ਮੂੰਹ ਚੁੱਕ ਕੇ ਲਾਹੌਰ ਕਿਲ੍ਹੇ ਵਿਚ ਡੱਕੇ ਪੰਜਾਹ ਆਗੂਆਂ ਦਾ ਮਿਲਵਾਂ ਸਨੇਹਾ ਉਡੀਕ ਰਹੀ ਸੀ। ਪਰ ਬਾਹਰ ਦੇ ਦਮਗਜਿਆਂ ਨੇ ਕਿਲ੍ਹੇ ਦੀ ਆਵਾਜ਼ ਕਿਲ੍ਹੇ ਦੇ ਅੰਦਰ ਹੀ ਨੱਪ ਦਿੱਤੀ। ਅੱਜ ਪਹਿਲਾ ਮੌਕਾ ਸੀ ਕਿ ਜਦੋਂ ਉਹਨਾ ਕੋਈ ਮਿਲਵਾਂ ਫ਼ੈਸਲਾ ਦੇਣ ਤੋਂ ਸੰਕੋਚ ਕੀਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਬਾਹਰ ਪੰਥ ਵਿਚ ਥਾਂ ਥਾਂ ਅੰਦਰੋਂ-ਅੰਦਰ ਘੋਰ-ਮਸੋਰੇ ਹੋਣ ਲੱਗ ਪਏ। ਪੰਥ ਦੋ ਧੜਿਆਂ ਵਿਚ ਵੰਡਿਆ ਗਿਆ। ਖ਼ਾਲਸਈ ਰਾਜ ਦੀ ਖ਼ਤਮ ਹੁੰਦੀ ਸ਼ਾਨ ਬਾਰੇ ਸ਼ਾਹ ਮੁਹੰਮਦ ਦਾ ਲਿਖਿਆ ਹੋਇਆ ਹਾਹੁਕਾ ਕਈ ਹਸਰਤ-ਭਰੇ ਦਿਲਾਂ ਵਿਚੋਂ ਬਦੀ-ਬਦੋ ਨਿਕਲ ਕੇ ਹੁਣ ਦੂਜੀ ਵਾਰੀ ਚੇਤਾ ਕਰਾ ਰਿਹਾ ਸੀ ਕਿ :–

ਸ਼ਾਹ ਮੁਹੰਮਦਾ! ਇਕ ਸਰਕਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਪਿੰਡ ਪਿੰਡ ਸ਼ਹਿਰ ਸ਼ਹਿਰ ਵਿਚ ਇਹ ਬਹਿਸਾਂ ਚੱਲ ਪਈਆਂ। ਇਕ ਧੜਾ ਆਖੇ ਕਿ ਜਦੋਂ ਸਾਡੇ ਮੁਖੀਆਂ ਨੇ ਗੁਰਦੁਆਰਾ-ਕਾਨੂੰਨ ਕਈ ਮਹੀਨੇ ਲਾ ਕੇ ਆਪ ਬਣਾਇਆ-ਬਣਵਾਇਆ ਹੈ, ਤਾਂ ਈਮਾਨਦਾਰੀ ਨਾਲ


www.AKJ.org

ਇਸ ਨੂੰ ਮੰਨਣ ਲਈ ਕਿਉਂ ਤਿਆਰ ਨਹੀਂ ਹੁੰਦੇ । ਦੂਜਾ ਧੜਾ ਆਖਦਾ ਸੀ ਕਿ ਗਵਰਨਰ ਦੀ ਲਾਈ ਹੋਈ ਸ਼ਰਤ ਮੰਨ ਕੇ ਬਾਹਰ ਆਉਣਾ ਗਵਰਨਰ ਦੀ ਲੱਤ ਹੇਠੋਂ ਲੰਘਣ ਵਾਲੀ ਗੱਲ ਹੈ । ਖਹਿ-ਖਹਿ ਵਧਦੀ ਗਈ । ਵੈਰੀ ਦੀਆਂ ਡਾਂਗਾਂ ਤੇ ਗੋਲੀਆਂ ਰਲ ਕੇ ਖਾਣ ਵਾਲੇ ਵੀਰ ਅੱਜ ਆਪੋ ਵਿਚ ਹੀ ਇਕ ਦੂਜੇ ਦੇ ਵੈਰੀ ਬਣਨ ਲੱਗ ਪਏ । ਛੇ ਮਹੀਨੇ ਇਸ ਖੇਹ-ਖੁਆਰੀ ਵਿਚ ਲੰਘ ਗਏ ।

੧੯੨੬ ਸਾਲ ਦਾ ਜਨਵਰੀ ਚੜ੍ਹ ਪਿਆ । ਇਤਨੇ ਨੂੰ ਗਵਰਨਰ ਨੇ ਪੰਥ ਦੀ ਟੁੱਟੀ ਹੋਈ ਜੱਥੇਬੰਦੀ ਉਤੇ ਇਕ ਹੋਰ ਸੱਟ ਮਾਰਨ ਲਈ ਨਵਾਂ ਪੈਂਤੜਾ ਬਦਲ ਲਿਆ । ਐਲਾਨ ਕਰ ਦਿੱਤੋ ਸੁ ਕਿ ਗੁਰਦੁਆਰਾ-ਕਾਨੂੰਨ ਮੰਨਣ ਬਾਰੇ ਲਿਖਤੀ ਇਕਰਾਰ ਦੇਣ ਦੀ ਲੋੜ ਨਹੀਂ ਹੈ । ਜਿਹੜਾ ਸਿਰਫ਼ ਜ਼ਬਾਨੀ ਹੀ ਆਖ ਦੇਵੇ ਉਸ ਨੂੰ ਰਿਹਾ ਕੀਤਾ ਜਾਏਗਾ । ਵੈਰੀ ਜਾਣਦਾ ਸੀ ਕਿ ਸਿੱਖ-ਕੌਮ ਵਿਚ ਫੁੱਟ ਇਤਨੀ ਵਧ ਚੁਕੀ ਹੈ ਕਿ ਹੁਣ ਉਹ ਮਿਲ ਕੇ ਇਸ ਢਿੱਲੀ ਕੀਤੀ ਗਈ ਸ਼ਰਤ ਨੂੰ ਭੀ ਮੰਨਣ ਲਈ ਤਿਆਰ ਨਹੀਂ ਹੋਣਗੇ ।

ਕਿਲ੍ਹੇ ਵਿਚ ਘੋਰ-ਮਸ਼ੋਰੇ ਤਾਂ ਪਹਿਲਾਂ ਹੀ ਸ਼ੁਰੂ ਹੋ ਗਏ ਸਨ । ਹੁਣ ਨਵੇਂ ਐਲਾਨ ਦਾ ਆਸਰਾ ਲੈ ਕੇ ਖੁਲ੍ਹਮ-ਖੁਲ੍ਹਾ ਦੋ ਧੜੇ ਹੋ ਗਏ । ਇਕ ਧੜੇ ਨੇ ਫ਼ੈਸਲਾ ਕਰ ਲਿਆ ਕਿ ਅਸਾਂ ਆਪ ਹੀ ਕਾਨੂੰਨ ਬਣਾਇਆ-ਬਣਵਾਇਆ ਹੈ, ਇਸ ਨੂੰ ਮੰਨਣ ਲਈ ਜ਼ਬਾਨੀ 'ਹਾਂ' ਕਰਨ ਵਿਚ ਕੋਈ ਭੈੜ ਨਹੀਂ ਹੈ । ਕਿਲ੍ਹੇ ਦੇ ਮੁਖੀਆਂ ਦਾ ਮੁਕੱਦਮਾ ਚੱਲਦਿਆਂ ਢਾਈ ਸਾਲ ਹੋ ਚੁਕੇ ਸਨ । ੧੫ ਜਨਵਰੀ ਨੂੰ ਉਸੇ ਮੈਜਿਸਟਰੇਟ ਦੇ ਸਾਹਮਣੇ ਗੁਰਦੁਆਰਾ ਕਾਨੂੰਨ ਉਤੇ ਤੁਰਨ ਦੀ 'ਹਾਂ' ਕਰ ਕੇ ਸ਼ਰੋਮਣੀ ਮੁਖੀਆਂ ਦਾ ਇਕ ਧੜਾ ਬਾਹਰ ਆ ਗਿਆ ।

ਉਧਰੋਂ ਬਾਹਰ, ਗਵਰਨਰ ਦੀ ਲਾਈ ਸ਼ਰਤ ਬਾਰੇ ਫ਼ੈਸਲਾ ਦੇਣ ਲਈ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵੱਡਾ ਸਮਾਗਮ ਭੀ ਦੋ ਤਿੰਨ ਦਿਨਾਂ ਨੂੰ ਹੋਣ ਵਾਲਾ ਸੀ । ਕਿਲ੍ਹੇ ਵਿਚੋਂ ਆਏ ਮੈਂਬਰ ਭੀ ਸ਼ਾਮਲ ਹੋਏ, ਬਹੁ-ਸੰਮਤੀ ਨਾਲ ਫ਼ੈਸਲਾ ਹੋਇਆ ਕਿ ਜ਼ਬਾਨੀ 'ਹਾਂ' ਆਖ ਕੇ ਆਉਣ ਵਿਚ ਕੋਈ ਹਰਜ ਨਹੀਂ ।

ਪਰ ਇਹ ਫ਼ੈਸਲਾ ਬਹੁਤ ਪੱਛੜ ਕੇ ਹੋਇਆ । ਧੜੇਬੰਦੀ ਪੱਕੀ ਹੋ ਚੁਕੀ ਹੋਈ ਸੀ । ਇਸ ਫ਼ੈਸਲੇ ਨੂੰ ਮੁਆਫ਼ੀ ਮੰਗਣ ਦੇ ਤੁਲ ਸਮਝਣ ਵਾਲਾ ਧੜਾ ਹੁਣ ਖੁਲ੍ਹਮ-ਖੁਲ੍ਹਾ ਵੱਖ ਹੋ ਗਿਆ । ਇਸ ਦਾ ਨਾਮ 'ਅਕਾਲੀ ਧੜਾ' ਤੇ ਦੂਜੇ ਦਾ ਨਾਮ 'ਮੁਆਫ਼ੀ-ਮੰਗੂ' ਧੜਾ ਪੈ ਗਿਆ । 'ਤੂੰ ਤੂੰ, ਮੈਂ ਮੈਂ' ਦੀ ਅੱਗ ਸਾਰੀ ਕੌਮ ਵਿਚ ਚਮਕ ਪਈ । ਦਰਦੀ ਅਨ-ਮਤੀ ਵੀਰ ਸਾਡੀ ਇਸ ਦਸ਼ਾ ਉਤੇ ਅਫ਼ਸੋਸ ਕਰਦੇ ਸਨ, ਤੇ ਈਰਖਾ-ਵਾਦੀਆਂ ਨੂੰ ਠੱਠੇ ਮਖ਼ੌਲ ਲਈ ਮਸਾਲਾ ਮਿਲ ਗਿਆ । ਸਿੱਖ ਦੀਵਾਨਾਂ ਵਿਚ ਹੁਣ ਧੜੇ ਦਾ ਪਰਚਾਰ ਹੀ ਪ੍ਰਧਾਨ ਹੋ ਗਿਆ । ਧਰਮ ਨਾਲੋਂ ਧੜਾ ਵਧੀਕ ਪਿਆਰਾ ਸਮਝਿਆ ਜਾਣ ਲੱਗ ਪਿਆ । ਇਸ ਹਾਸੋ-ਹੀਣੀ-ਹਾਲਤ ਨੂੰ ਵੇਖ ਕੇ ਸੈਂਕੜੇ ਹਜ਼ਾਰਾਂ ਸਿੱਖ ਇਸ ਖਹਿ-ਖਹਿ ਤੋਂ ਅੱਕ ਕੇ ਰਾਧਾ ਸੁਆਮੀ ਸੰਗਤ ਵਿਚ ਜਾ ਰਲੇ । ਪਰ ਧੜੇ ਦੀ ਜਿੱਤ ਦੇ ਆਸ਼ਕਾਂ ਨੂੰ ਗੁਰੂ ਨਾਨਕ ਪਾਤਿਸ਼ਾਹ ਦੀ ਝੋਲੀ ਵਿਚੋਂ ਵਿਛੜ ਰਹੇ ਵੀਰਾਂ ਨੂੰ ਵੇਖ ਕੇ ਕੋਈ ਚੋਭ ਨਹੀਂ ਸੀ ਪੈ ਸਕਦੀ ।

### ਫੁੱਟ ਦੇ ਕਾਰੇ–

ਤਿੰਨ ਕੁ ਮਹੀਨਿਆਂ ਦੀ ਦੌੜ-ਭੱਜ ਪਿਛੋਂ 'ਅਕਾਲੀ ਧੜੇ' ਦੀ ਅੰਦਰੋ ਅੰਦਰ ਦੀ ਪ੍ਰੇਰਨਾ ਨਾਲ ਜਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਵਿਚ ਇਕ 'ਸਰਬੱਤ ਖ਼ਾਲਸਾ ਕਾਨਫਰੰਸ' ਵੈਸਾਖੀ ਦੇ ਮੌਕੇ ਤੇ ਕੀਤੀ ਗਈ । ਤੇ, ਫ਼ੈਸਲਾ ਕੀਤਾ ਗਿਆ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਿਆਂ ਦਾ ਪਰਬੰਧ ਬਦੋ-ਬਦੀ ਮੁਆਫ਼ੀ-ਮੰਗੂ ਪਾਰਟੀ ਤੋਂ ਲੈ ਲਿਆ ਜਾਏ ।

ਸੰਨ ੧੯੨੫ ਦੀ ਪਲੇਗ ਦੇ ਕਾਰਨ ਸ਼ਰੋਮਣੀ ਕਮੇਟੀ ਦਾ ਦਫ਼ਤਰ ਸ਼ਹਿਰੋਂ ਬਾਹਰ ਸਿੱਖ ਮਿਸ਼ਨਰੀ ਕਾਲਜ ਦੀ ਕੋਠੀ ਵਿਚ ਲਿਆਂਦਾ ਗਿਆ ਸੀ ਤੇ ਅਜੇ ਭੀ ਉਸ ਕੋਠੀ ਵਿਚ ਹੀ ਸੀ । 'ਸਰਬੱਤ ਖ਼ਾਲਸਾ ਕਾਨਫਰੰਸ' ਦੇ ਮਤੇ ਤੋਂ ਕੁਝ ਦਿਨ ਪਿਛੋਂ ਇਕ ਦਿਨ ਕਮੇਟੀ ਦੇ ਜਨਰਲ ਸਕੱਤ੍ਰ ਸਾਹਿਬ ਨੇ ਦਫ਼ਤਰ ਵਿਚ ਆ ਕੇ ਮੈਨੂੰ*

* ਮੈਂ ਜੁਲਾਈ ੧੯੨੧ ਤੋਂ ਸਤੰਬਰ ੧੯੨੬ ਤਕ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਚ ਮੀਤ ਸਕੱਤ੍ਰ ਰਿਹਾ ਸਾਂ ।



www.AKJ.Org

ਆਖਿਆ ਕਿ "ਅਜ ਸਰਬਤ ਖਾਲਸਾ ਕਾਨਫਰੰਸ' ਦੇ ਬੰਦਿਆਂ ਨੇ ਇਥੇ ਦਫਤਰ ਦਾ ਚਾਰਜ ਲੈਣ ਆਉਣਾ ਹੈ, ਤੁਸਾਂ ਵੇਲੇ-ਸਿਰ ਲੋੜੀਂਦੀ ਸਿਆਣਪ ਨਾਲ ਸਮੇ ਨੂੰ ਨਜਿੱਠਣਾ ਹੋਵੇਗਾ। ਮੈਂ ਇਥੇ ਨਹੀਂ ਠਹਿਰ ਸਕਦਾ, ਕਿਉਂਕਿ ਉਹਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਭੀ ਕਬਜ਼ਾ ਕਰਨ ਆਉਣਾ ਹੈ ਤੇ ਮੇਰਾ ਉਥੇ ਹੋਣਾ ਜ਼ਰੂਰੀ ਹੈ। ਮੈਂ ਸ਼ਹਿਰੋਂ ਟੈਲੀਫ਼ੂਨ ਰਾਹੀਂ ਜ਼ਰੂਰੀ ਖ਼ਬਰਾਂ ਭਿਜਵਾਣ ਦਾ ਪਰਬੰਧ ਕਰਦਾ ਰਹਾਂਗਾ।"

ਇਹ ਆਖ ਕੇ ਜਨਰਲ ਸਕੱਤ੍ਰ ਸਾਹਿਬ ਸ਼ਹਿਰ ਨੂੰ ਚਲੇ ਗਏ, ਤੇ ਮੈਂ ਦਫ਼ਤਰ ਦੇ ਜ਼ਰੂਰੀ ਕਾਗਜ਼-ਪੱਤਰ ਰਜਿਸਟਰ ਆਦਿਕ ਥਾਂ-ਸਿਰ ਸੰਭਾਲਣੇ ਸ਼ੁਰੂ ਕਰ ਦਿੱਤੇ। ਲੌਢੇ ਵੇਲੇ ਟੈਲੀਫ਼ੂਨ ਤੇ ਖ਼ਬਰ ਆ ਗਈ ਕਿ ਚਾਰਜ ਲੈਣ ਵਾਸਤੇ ਪੰਜ ਸਿੰਘ ਘੰਟਾ-ਘਰ ਤੋਂ ਟਾਂਗਿਆਂ ਤੇ ਚੜ੍ਹ ਕੇ ਦਫ਼ਤਰ ਵਲ ਨੂੰ ਚੱਲ ਪਏ ਹਨ। ਮੈਂ ਦਫਤਰ ਦੇ ਕਲਰਕ-ਸਾਥੀਆਂ ਨੂੰ ਨਾਲ ਲੈ ਕੇ ਕੋਠੀ ਤੋਂ ਬਾਹਰ ਉਹਨਾਂ ਦੇ ਆਦਰ-ਸਤਕਾਰ ਲਈ ਆ ਖਲੋਤਾ। ਗਰਮੀ ਦੀ ਰੁੱਤ ਸੀ। ਅੰਦਰ ਲਿਆ ਕੇ ਉਹਨਾਂ ਨੂੰ ਠੰਢਾ ਜਲ ਛਕਾਇਆ ਤੇ ਸ਼ਰਬਤ ਆਦਿਕ ਦੀ ਸੇਵਾ ਪੁੱਛੀ। ਘੰਟੇ ਕੁ ਪਿਛੋਂ ਫਿਰ ਟੈਲੀਫ਼ੂਨ ਆ ਗਈ ਕਿ ਸ਼ਹਿਰੋਂ ਚਾਲੀ ਕੁ ਬੰਦੇ ਡਾਂਗਾਂ ਸੋਟੇ ਲੈ ਕੇ ਕਮੇਟੀ ਦੇ ਦਫ਼ਤਰ ਨੂੰ ਚੱਲ ਪਏ ਹਨ। ਉਹ ਸਾਰੇ ਸੱਜਣ ਪੈਦਲ ਆਏ। ਸੋ, ਉਹਨਾਂ ਦੇ ਅੱਪੜਨ ਤੋਂ ਪਹਿਲਾਂ ਉਹਨਾਂ ਦੇ ਸੁਆਗਤ ਲਈ ਭੀ ਯੋਗ ਪਰਬੰਧ ਕਰ ਲਿਆ। ਇਥੋਂ ਦੀ ਕਹਾਣੀ ਨੂੰ ਵਧੀਕ ਲਮਕਾਣ ਦੀ ਲੋੜ ਨਹੀਂ। ਮੁੱਕਦੀ ਗੱਲ, ਜਿਵੇਂ ਮੈਥੋਂ ਸਰ-ਬਣ ਆਇਆ, ਮੈਂ ਚਾਰਜ ਦੇਣ ਵਲੋਂ ਉਹਨਾਂ ਨੂੰ ਟਾਲ-ਮਟੋਲੇ ਵਿਚ ਹੀ ਰੱਖਿਆ, ਉਹ ਮੇਰੇ ਸਿਰ ਭੀ ਨਾ ਆਏ। ਉਸ ਰਾਤ ਉਹ ਸਾਰੇ ਉਥੇ ਕੋਠੀ ਵਿਚ ਹੀ ਰਹੇ। ਮੈਂ ਪ੍ਰਸ਼ਾਦ ਵਾਸਤੇ ਬੇਨਤੀ ਕੀਤੀ, ਪਰ ਉਹਨਾਂ ਦੇ ਜੱਥੇਦਾਰ ਨੇ ਕਿਹਾ ਕਿ ਇਤਨਿਆਂ ਵਾਸਤੇ ਇਥੇ ਪਰਬੰਧ ਕਰਨਾ ਔਖਾ ਹੈ, ਸਾਡੇ ਲਈ ਪਰਸ਼ਾਦੇ ਸ਼ਹਿਰੋਂ ਹੀ ਆਉਣਗੇ। ਦੋਹੀਂ ਪਾਸੀਂ ਗੱਲ ਬਾਤ ਵਿਚ ਰਵੱਈਆ ਭਰਾਵਾਂ ਵਾਲਾ ਹੀ ਰਿਹਾ, ਕੋਈ ਦੁਰਘਟਨਾ ਨਾ ਹੋਈ। ਉਂਜ ਸ਼ਾਮ ਵੇਲੇ ਜੱਥੇਦਾਰ ਨੇ ਹੱਸ ਕੇ ਮੈਨੂੰ ਜਤਾ ਦਿੱਤਾ ਕਿ ਤੂੰ ਮੋਮੋਠਗਣੀਆਂ ਗੱਲਾਂ ਕਰ ਕੇ ਹੁਣ ਤਕ ਤਾਂ ਸਾਨੂੰ ਠੱਗ ਲਿਆ। ਹੱਛਾ, ਦਿਨੇ ਵੇਖੀ ਡਿੱਠੀ ਜਾਏਗੀ।

ਅਗਲਾ ਦਿਨ ਹੋਇਆ। ਸੂਰਜ ਚੋਖਾ ਚੜ੍ਹ ਆਇਆ ਸੀ। ਕਬਜ਼ਾ ਕਰਨ ਆਏ ਜੱਥੇ ਦੇ ਬੰਦਿਆਂ ਨੇ ਮੂੰਹ ਜੋੜਨੇ ਸ਼ੁਰੂ ਕਰ ਦਿੱਤੇ। ਘੋਰ-ਮਸੋਰਾ ਹੋਣ ਲੱਗ ਪਿਆ। ਇਸ਼ਾਰਿਆਂ ਨਾਲ ਗੱਲਾਂ ਸ਼ੁਰੂ ਹੋ ਗਈਆਂ। ਸ਼ਹਿਰ ਵਲ ਭੀ ਕਈ ਸੱਜਣਾਂ ਦੀ ਆਵਾ-ਜਾਈ ਚੱਲ ਪਈ। ਇਉਂ ਮਲੂਮ ਹੁੰਦਾ ਸੀ ਜਿਵੇਂ ਸ਼ਹਿਰ ਵਲੋਂ ਕਿਸੇ ਦੇ ਹੁਕਮ ਦੀ ਜਾਂ ਕਿਸੇ ਘਟਨਾ ਦੀ ਉਡੀਕ ਕਰ ਰਹੇ ਸਨ। ਇਤਨੇ ਨੂੰ ਇਕ ਸੱਜਣ ਸ਼ਹਿਰੋਂ ਚੰਗੇ ਚੋਖੇ ਜੰਦਰੇ ਲੈ ਕੇ ਆ ਗਿਆ। ਜੱਥੇਦਾਰ ਨੇ ਮੈਨੂੰ ਸੱਦਿਆ ਤੇ ਮੇਰੇ ਸਾਹਮਣੇ ਦਫ਼ਤਰ ਦੇ ਦਰਵਾਜ਼ਿਆਂ ਨੂੰ ਸਾਡੇ ਵੱਜੇ ਜੰਦਰਿਆਂ ਦੇ ਨਾਲ ਨਾਲ ਉਹਨਾਂ ਆਪਣੇ ਜੰਦਰੇ ਭੀ ਮਾਰ ਦਿੱਤੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਹੀ ਝੂਠੇ ਬਜ਼ਾਰ ਨੂੰ ਚੜ੍ਹਦੀਆਂ ਉੱਚੀਆਂ ਪੌੜੀਆਂ ਦੇ ਨਾਲ ਦੇ ਪਹਿਲੇ ਹੀ ਬੁੰਗੇ ਵਿਚ ਸ੍ਰੀ ਦਰਬਾਰ ਸਾਹਿਬ ਦੀ ਅਸਥਾਨਕ ਕਮੇਟੀ ਦਾ ਦਫ਼ਤਰ ਹੁੰਦਾ ਸੀ। ਉਸ ਵਿਚ ਟੈਲੀਫ਼ੋਨ ਲੱਗਾ ਹੁੰਦਾ ਸੀ। ਟੈਲੀਫ਼ੋਨ ਦੇ ਪਾਸ ਬੈਠਾ ਬੰਦਾ ਬੁੰਗੇ ਦੀ ਬਾਰੀ ਵਿਚੋਂ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਾਹਮਣੇ ਦੇ ਖੁਲ੍ਹੇ ਚੌਕ ਨੂੰ ਚੰਗੀ ਤਰ੍ਹਾਂ ਵੇਖ ਸਕਦਾ ਸੀ।

ਦਫ਼ਤਰ ਦਾ ਕਬਜ਼ਾ ਲੈਣ ਆਏ ਸੱਜਣਾਂ ਨੇ ਸਾਡੇ ਟੈਲੀਫ਼ੋਨ ਦੇ ਕਮਰੇ ਉਤੇ ਭੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਪਰ ਮੈਂ ਉਸ ਕਮਰੇ ਵਿਚੋਂ ਬਾਹਰ ਨਿਕਲਣ ਤੋਂ ਇਨਕਾਰ ਕਰ ਦਿੱਤਾ, ਤੇ ਉਹਨਾਂ ਇਸ ਨਿੱਕੇ ਜਿਹੇ ਖ਼ਾਲੀ ਕਮਰੇ ਨੂੰ ਜੰਦਰਾ ਮਾਰਨ ਲਈ ਅੜਨਾ ਗੈਰ-ਜ਼ਰੂਰੀ ਸਮਝਿਆ। ਟੈਲੀਫ਼ੋਨ ਦੀ ਘੰਟੀ ਖੜਕ ਗਈ। ਇਹ ਸਨੇਹਾ ਅਸਥਾਨਕ ਕਮੇਟੀ ਦੇ ਦਫ਼ਤਰੋਂ ਆ ਰਿਹਾ ਸੀ। ਮੈਂ ਸੁਣਨਾ ਸ਼ੁਰੂ ਕਰ ਦਿੱਤਾ। ਕਮੇਟੀ ਦੇ ਜਨਰਲ ਸਕੱਤ੍ਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਰੇ ਗ੍ਰੰਥੀ ਸੇਵਾਦਾਰ ਤਖ਼ਤ ਸਾਹਿਬ ਤੇ ਬੈਠੇ ਹੋਏ ਸਨ। ਸਾਹਮਣੇ ਦਾ ਸਾਰਾ ਚੌਕ ਸ਼ਰਧਾ-ਭੇਟ ਲੈ ਕੇ ਆਏ ਸਿੰਘਾਂ ਨਾਲ ਭਰਿਆ ਹੋਇਆ ਸੀ। ਮੁਆਫ਼ੀ-ਮੰਗੂ ਜੱਥੇ ਦੇ ਪ੍ਰਬੰਧ ਨੂੰ ਮੁਕਾਣ ਦੀ ਉਡੀਕ ਹੋ ਰਹੀ ਸੀ, ਕਿਉਂਕਿ ਇਹਨਾਂ ਦੇ ਇਥੇ ਬੈਠਣ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ



www.AKJ.Org

ਦੀ ਹੱਤਕ ਹੋ ਰਹੀ ਸੀ।

ਅਚਨ-ਚੇਤ ਠਾਹ ਠਾਹ ਹੋਣਾ ਸ਼ੁਰੂ ਹੋ ਗਿਆ। ਚੌਕ ਵਿਚ ਖਲੋਤੇ ਸ਼ਰਧਾਲੂ ਸਿੰਘ ਬਹਾਦਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਇੱਟਾਂ ਵੱਟੇ ਮਾਰਨੇ ਸ਼ੁਰੂ ਕਰ ਦਿੱਤੇ। ਇਹ ਵੱਟੇ ਭੇਟਾ ਦੇ ਤੌਰ ਤੇ ਉਹ ਪਹਿਲਾਂ ਹੀ ਜੇਬਾਂ ਵਿਚ ਪਾ ਕੇ ਲਿਆਏ ਹੋਣਗੇ। ਤਖ਼ਤ ਸਾਹਿਬ ਦਾ ਸੰਗ-ਮਰਮਰੀ ਜੰਗਲਾ ਟੁੱਟ ਗਿਆ। ਤਖ਼ਤ ਸਾਹਿਬ ਦੇ ਇਕ ਥੰਮ੍ਹੇ ਉਤੇ ਜੜ੍ਹੀ ਹੋਈ ਤਸਵੀਰ ਦਾ ਸ਼ੀਸ਼ਾ ਚੂਰ-ਚੂਰ ਹੋ ਗਿਆ। ਸ਼ਬਦ ਦੀ ਘਨਘੋਰ ਦੇ ਥਾਂ 'ਫੜ ਲਓ, ਮਾਰ ਦਿਉ' ਤੇ ਹੋਰ ਕ੍ਰੋਧ-ਭਰੀਆਂ ਕਈ ਕਿਸਮ ਦੀਆਂ ਗੰਦੀਆਂ ਗਾਲ੍ਹਾਂ ਨਾਲ ਅਕਾਸ਼ ਗੂੰਜ ਉੱਠਿਆ। ਕੁਝ ਮਨਚਲੇ ਦਲੇਰ ਸਿੰਘ ਤਖ਼ਤ ਸਾਹਿਬ ਦੇ ਹੇਠਲੇ ਨੀਵੇਂ ਥੜ੍ਹੇ ਤੋਂ ਛਾਲਾਂ ਮਾਰ ਕੇ ਉੱਪਰ ਜਾ ਚੜ੍ਹੇ। ਸ੍ਰੀ ਤਖ਼ਤ ਸਾਹਿਬ ਦੇ ਉਤੇ ਹੀ ਡਾਂਗਾਂ ਨਾਲ ਮਾਰ-ਕੁਟਾਈ ਸ਼ੁਰੂ ਹੋ ਗਈ। ਜਨਰਲ ਸਕੱਤ੍ਰ ਸਾਹਿਬ ਨੂੰ ਖ਼ਾਸ ਨਿਸ਼ਾਨਾ ਬਣਾਇਆ ਗਿਆ। ਡਾਂਗਾਂ ਇਉਂ ਵਰ੍ਹਦੀਆਂ ਸਨ ਜਿਵੇਂ ਛੱਲੀਆਂ ਕੁੱਟੀਆਂ ਜਾ ਰਹੀਆਂ ਹਨ। 'ਸਿੰਘ ਸੂਰਮਿਆਂ' ਇਸ 'ਪੰਥ ਵੈਰੀ' ਨੂੰ ਆਪਣੇ ਵਲੋਂ ਮੁਕਾ ਦਿਤਾ।

ਜਿਸ ਕਲਗੀਆਂ ਵਾਲੇ ਪਾਤਿਸ਼ਾਹ ਨੇ ਆਪਣੇ ਪਿਆਰੇ ਬੱਚਿਆਂ ਦੇ ਪਵਿੱਤਰ ਲਹੂ ਨਾਲ ਸਿੰਜ ਕੇ ਪਾਲੇ ਹੋਏ ਖ਼ਾਲਸਾ ਪੰਥ ਦੇ ਪ੍ਰਤੀਨਿਧ ਜੱਥੇ ਅਕਾਲੀ ਦਲ ਦੇ ਗੁਰਦੁਆਰਿਆਂ ਦੀ ਪਵਿੱਤਰਤਾ ਸੰਬੰਧੀ ਲਏ ਪ੍ਰਣ ਨੂੰ ਤੋੜ ਨਿਬਾਹੁਣ ਲਈ ਕਈ ਤਰ੍ਹਾਂ ਦੇ ਕੌਤਕ ਵਰਤਾ ਕੇ ਖ਼ਾਲਸੇ ਦੀ ਲਾਜ* ਰੱਖੀ ਸੀ, ਹਾਂ ਉਸ ਸਤਿਗੁਰੂ ਪਾਤਿਸ਼ਾਹ ਦੀ ਬਰਕਤ ਨਾਲ ਜਿੱਤ ਕੇ ਉਸ ਦਿਨ ਉਸ ਲਾਡਲੀ ਅਕਾਲੀ ਫ਼ੌਜ ਦੇ ਕੁਝ ਵੀਰਾਂ ਨੇ, ਸ਼ੁਕਰੀਏ ਵਜੋਂ ਕਹਿ ਲਵੋ, ਪੂਰੇ ਆਦਰ-ਸਤਕਾਰ ਨਾਲ ਇੱਟ-ਵੱਟਿਆਂ ਦੀ ਸ਼ਰਧਾ-ਭੇਟ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਕੀਤੀ।

ਮਈ ੧੯੨੯ ਦੀ ਉਸ ਘਟਨਾ ਦੇ ਸੰਬੰਧ ਵਿਚ ਇਹ ਦੰਦ-ਕਥਾ ਭੀ ਹੁੰਦੀ ਰਹੀ ਸੀ ਕਿ ਇਕੋ ਪਿਤਾ ਦੇ ਇਨ੍ਹਾਂ ਘੁਲ-ਮਰਦੇ ਪੁੱਤਰਾਂ ਨੂੰ ਵਧੀਕ ਖ਼ੂਨ-ਖ਼ਰਾਬੇ ਤੋਂ ਬਚਣ ਲਈ ਪੁਲਸ ਬੂਟਾਂ ਸਮੇਤ ਅੰਦਰ ਆ ਗਈ ਸੀ। ਲੋਕ ਛਿੱਥੇ ਪੈ ਪੈ ਕੇ ਆਖਦੇ ਸਨ ਕਿ ਬੂਟਾਂ ਸਮੇਤ ਅੰਦਰ ਆ ਕੇ ਸ੍ਰੀ ਦਰਬਾਰ ਸਾਹਿਬ ਦੀ ਹੱਤਕ ਕੀਤੀ ਹੈ।

ਪਿਆਰ-ਸਤਕਾਰ ਦੀ ਖੇਡ ਅਨੋਖੀ ਹੀ ਹੈ, ਜੋ ਅਜਿਹੇ "ਆਸ਼ਕ" ਹੀ ਸਮਝ ਸਕਦੇ ਹਨ। ਪਰ ਸਿਆਣੇ ਆਖਦੇ ਹਨ ਕਿ ਵੈਰੀ ਦੀ ਤਲਵਾਰ ਦਾ ਲੱਗਾ ਜ਼ਖ਼ਮ ਤਾਂ ਛੇਤੀ ਰਾਜ਼ੀ ਹੋ ਸਕਦਾ ਹੈ, ਪਰ ਸੱਜਣ ਦੇ ਮਾਰੇ ਹੋਏ ਫੁੱਲ ਦੀ ਚੋਟ ਦੀ ਪੀੜ ਸਾਰੀ ਉਮਰ ਨਹੀਂ ਜਾਂਦੀ।

---

* ਗੁਰੂ ਕੇ ਬਾਗ਼ ਦਾ ਮੋਰਚਾ ਵੇਖਣ ਵਾਲਿਆਂ ਨੂੰ ਅਜੇ ਤਕ ਉਹ ਲੂੰ-ਕੰਡੇ ਖੜੇ ਕਰਨ ਵਾਲੀਆਂ ਘਟਨਾਵਾਂ ਭੁੱਲੀਆਂ ਨਹੀਂ ਹਨ।


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਮਤਿ ਲੇਖ | ੧੨-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਮਤਿ ਵਿਚਾਰ | ੧੪-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਅੰਮ੍ਰਿਤ ਕੀ ਹੈ ? | ੨-੫੦ |
| ਜੇਲ੍ਹ ਚਿੱਠੀਆਂ | ੩੦-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਗੁਰਮਤਿ ਬਿਬੇਕ | ੭-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੭੫ | ਸਿੰਘਾਂ ਦਾ ਪੰਥ ਨਿਰਾਲਾ | ੧-੫੦ |
| ਅੰਮ੍ਰਿਤ ਕਲਾ | ੧-੫੦ | ਵਾਹਿਗੁਰੂ ਦੇ ਪਰਤੱਖ ਦਰਸ਼ਨ | ੧-੦੦ |
| ਸੱਚੀਆਂ ਦਾੜ੍ਹੀਆਂ | ੦-੭੫ | ਸਿਖ ਕੌਣ ਹੈ | ੦-੭੫ |
| ਤਿਮਰ ਅਗਿਆਨ ਤੋਂ ਉਜਿਆਰਾ | ੦-੫੦ | ਉਮਰ ਕੈਦੀ ਦਾ ਸੁਪਨਾ | ੧-੨੫ |




www.AKJ.Org

# ਸਿਖ ਇਤਿਹਾਸ ਵਲੋਂ ਸਾਡੀ ਲਾ-ਪਰਵਾਹੀ

[ਕੈਪਟਿਨ ਸਵਰਨ ਸਿੰਘ ਜੀ]

ਪਿਛਲੇ ਦੋ ਤਿੰਨ ਮਹੀਨਿਆਂ ਤੋਂ ਇਕ ਲੇਖ 'ਸ੍ਰੀ ਹਰਿਮੰਦਰ ਜੀ ਦੀ ਸੱਭਾ-ਸਤਿਆ' ਬਾਰੇ ਸਾਡੇ ਕੁਝ ਪ੍ਰਮੁਖ ਰਸਾਲਿਆਂ ਵਿਚ ਛਪਿਆ ਹੈ। ਇਸ ਲੇਖ ਵਿਚ ਇਤਿਹਾਸਕ ਤੱਥ ਅਤੇ ਥਿਤਾਂ ਆਦਿ ਦੇਣ ਵਿਚ ਬਹੁਤ ਅਨਗਹਿਲੀ ਵਰਤੀ ਗਈ ਹੈ। ਇਸ ਨਾਲ ਹਜ਼ਾਰਹਾਂ ਪਾਠਕਾਂ ਨੂੰ ਅਸਲੀ ਇਤਿਹਾਸ ਤੋਂ ਗੁਮਰਾਹ ਕਰਨ ਦੇ ਅਸੀਂ ਦੋਸ਼ੀ ਬਣ ਰਹੇ ਹਾਂ। 'ਸੂਰਾ' ਵਿਚ ਵੀ ਇਹ ਲੇਖ ਛਪਣ ਲਈ ਭੇਜਿਆ ਗਿਆ ਸੀ, ਪਰ ਇਸ ਦੇ ਇਤਿਹਾਸਕ ਤੱਥ ਤਸੱਲੀ-ਬਖਸ਼ ਨਹੀਂ ਸਨ। ਅਸਾਂ ਇਨ੍ਹਾਂ ਤੱਥਾਂ ਦਾ ਸਾਰ ਕੈਪਟਿਨ ਸਵਰਨ ਸਿੰਘ ਜੀ ਨੂੰ ਭੇਜ ਦਿਤਾ ਕਿ ਉਹ ਸਹੀ ਜਾਣਕਾਰੀ ਭੇਜਣ, ਤਾਂ ਜੁ ਅਸਲੀਅਤ ਲਭੀ ਜਾ ਸਕੇ। ਕੈਪਟਿਨ ਸਾਹਿਬ ਵਲੋਂ ਇਨ੍ਹਾਂ ਤਥਾਂ ਬਾਰੇ ਜੋ ਵਾਕਫੀ ਪੁਜੀ ਹੈ, ਪਾਠਕਾਂ ਦੀ ਸਹੀ ਰਹਿਨੁਮਾਈ ਲਈ ਉਹ ਹੇਠਾਂ ਦੇ ਰਹੇ ਹਾਂ। —ਸੰਪਾਦਕ

ਸ੍ਰੀ ਹਰਿਮੰਦਰ ਤੋਂ ਈਸ਼ਵਰੀ ਨਾਦ ਅਤੇ ਹਰੀ ਕੀਰਤਨ ਦੀ ਵਿਸਮਾਦੀ ਧੁਨੀ ਵਿਚ ਵਿਘਨ ਪਾਉਣ ਵਾਲੇ ਗੁਰੂ ਘਰ ਦੇ ਦੋਖੀਆਂ ਦਾ ਬੁਰਾ ਹਸ਼ਰ ਹੁੰਦਾ ਦਸਦੇ ਹੋਏ ਲੇਖਕ ਜੀ ਚਾਰ ਨੰਬਰ ਦੇ (ੳ) (ਅ) ਆਦਿ ਅੰਕ ਵਿਚ ਲਿਖਦੇ ਹਨ—

"(ੳ) ਇਹ ਗੱਲ ੩ ਅਗਸਤ ੧੭੮੦ ਦੀ ਹੈ ਕਿ ਮੱਸਾ ਰੰਘੜ, ਅੰਮ੍ਰਿਤਸਰ ਦੇ ਇਕ ਹੰਕਾਰੀ ਜਗੀਰਦਾਰ ਨੇ ਆਪਣੀ ਹਵੇਲੀ ਛਡ ਕੇ ਸ੍ਰੀ ਹਰਿਮੰਦਰ ਤੇ ਕਬਜ਼ਾ ਕਰ ਲਿਆ। ਇਸ ਹੰਕਾਰੀ ਨੇ ਹਰਿਮੰਦਰ ਅੰਦਰ ਅੰਮ੍ਰਿਤ-ਕੀਰਤਨ-ਧੁਨੀ ਦੀ ਥਾਂ ਨਸ਼ਿਆਂ, ਸ਼ਰਾਬਾਂ ਦੇ ਦੌਰ ਤੇ ਮੁਜਰੇ ਨਾਚ ਸ਼ੁਰੂ ਕਰਾ ਦਿਤੇ। ੨ ਜਨਵਰੀ ੧੭੪੧, ਭਾਵ ਪੰਜ ਮਹੀਨੇ (੧੫੩ ਦਿਨ) ਪਿਛੋਂ ਭਾਈ ਸੁੱਖਾ ਸਿੰਘ ਤੇ ਮਤਾਬ ਸਿੰਘ ਜੀ ਕਲਗੀਧਰ ਦਾ ਆਸਰਾ ਤੇ ਪ੍ਰੇਰਨਾ ਲੈ ਕੇ ਆਏ ਤੇ ਮੱਸੇ ਦਾ ਸਿਰ ਵਢ ਕੇ ਔਹ, ਔਹ ਗਏ।"

**ਕੈਪਟਿਨ ਸਾਹਿਬ ਵਲੋਂ ਸਪੱਸ਼ਟੀਕਰਣ**—ਚੌਧਰੀ ਮੱਸਾ ਰੰਘੜ (ਅਸਲੀ ਨਾਮ ਮੁਹੰਮਦ ਮੁਸਾਹੁਦੀਨ ਖ਼ਾਨ) ਪਿੰਡ ਮੰਡਿਆਲਾ, ਜੋ ਭੋੜੂ ਵਾਲੇ ਪੁਲ ਤੋਂ ਪੌਣੇ ਤਿੰਨ ਕੁ ਕਿਲੋ ਮੀਟਰ ਚੜ੍ਹਦੇ ਵਿਚ ਹੈ, ਤੇ ਭੋੜੂ ਦੇ ਪੁਲ ਤੋਂ ਸਿਧੀ ਜਾਂਦੀ ਸੜਕ (approach road) ਨਾਲ ਮਿਲਿਆ ਹੋਇਆ ਹੈ, ਦਾ ਜ਼ਿਮੀਦਾਰ ਸੀ, ਅਤੇ ਇਸ ਤਅਲਕੇ ਦਾ ਚੌਧਰੀ ਸੀ। ਸ੍ਰੀ ਅੰਮ੍ਰਿਤਸਰ (ਗੁਰੂ ਚੱਕ) ਉਸ ਵੇਲੇ, ਜੋ ਮੰਡਿਆਲੇ ਤੋਂ ਐਨ ਉਤਰ ਵਿਚ ੬ ਮੀਲ ਦੀ ਵਿਥ ਤੇ ਹੈ, ਮੱਸੇ ਦੀ ਹੀ ਤਅਲਕਦਾਰੀ ਵਿਚ ਸੀ। ਨਾਦਰ ਸ਼ਾਹ ਮੁੜਦਾ ਹੋਇਆ ਸਿੱਖਾਂ ਵਲੋਂ ਕਾਫ਼ੀ ਲੁਟਾ ਖੁਹਾ ਕੇ ਜਿਚ ਹੋ ਕੇ ਗਿਆ ਸੀ। ਜਾਂਦਾ ਹੋਇਆ ਜ਼ਕਰੀਆ ਖ਼ਾਨ ਨੂੰ ਕਹਿ ਗਿਆ ਸੀ ਕਿ ਸਿੱਖਾਂ ਵਲੋਂ ਅਵੇਸਲਾ ਨਾ ਰਹੀਂ, ਇਹ ਤੈਨੂੰ ਛੇਤੀ ਭੁੰਜੇ ਲਾਹ ਦੇਣਗੇ। ਖ਼ਾਨ ਬਹਾਦਰ (ਜ਼ਕਰੀਆ ਖ਼ਾਨ) ਨੇ ਮੱਸੇ ਨੂੰ ਜੋ ਫ਼ੌਜਦਾਰ ਵੀ ਸੀ, ਲਾਹੌਰ ਸੱਦ ਕੇ ਹੁਕਮ ਦਿਤਾ ਸੀ ਕਿ ਗੁਰੂ ਚੱਕ ਤੇ ਪਹਿਰੇ ਕਰੜੇ ਕਰ ਦਿਓ, ਸਿਖ ਇਥੇ ਵੜ ਨਾ ਸਕਣ। ਸਰੋਵਰ ਪੂਰ ਕੇ ਹਰਿਮੰਦਰ ਸਾਹਿਬ ਨੂੰ ਢਾਹ ਦਿਤਾ ਜਾਵੇ। (ਵਾਹਿਗੁਰੂ ਬਖਸ਼ਣ!) ਸੋ ਉਸ ਨੇ ਗੁਰੂ ਚੱਕ ਤੇ ਕਬਜ਼ਾ ਕਰ ਲਿਆ। ਸ਼ਹਿਰ ਦੁਆਲੇ ਪਹਿਰੇ ਲਾ ਦਿਤੇ। ਆਪਣਾ ਹੈਡ ਕੁਆਟਰ ਅਕਾਲ ਬੁੰਗੇ ਵਿਚ ਬਣਾ ਲਿਆ। ਸਰੋਵਰ ਮੁੰਦਣਾ ਤੇ ਹਰਿਮੰਦਰ ਵਿਚ ਕੰਚਨੀ ਦਾ ਨਿਰਤ ਕਰਾਉਣਾ, ਹੁੱਕਾ ਪੀਣਾ, ਪਲੰਘ ਤੇ ਬੈਠਣਾ ਅਤੇ ਨੱਟਾਂ ਭੰਡਾਂ ਦੇ ਮੁਜਰੇ ਨਕਲਾਂ ਕਰਾਉਣੀਆਂ ਅਰੰਭ ਕਰ ਦਿਤੀਆਂ। ਸ਼ੁਰੂ ਫਗਣ ੧੭੯੭ ਬਿ: ਨੂੰ ਕਬਜ਼ਾ ਕੀਤਾ ਸੀ। ਢਾਈ ਕੁ ਮਹੀਨੇ ਉਹ ਹਰਿਮੰਦਰ ਵਿਚ ਕੁਕਰਮ ਕਰਦਾ ਰਿਹਾ। ਸੁੱਖਾ ਸਿੰਘ ਤੇ ਮਤਾਬ ਸਿੰਘ ਬੁਢੇ ਜੋਹੜੋਂ ਘੋੜਿਆਂ ਤੇ ਚਲੇ। ਗਿ: ਗਿਆਨ ਸਿੰਘ ਨੇ ਸ਼ਮਸ਼ੇਰ ਖਾਲਸਾ ਦੇ ਪੰਨਾ ੧੩੨ (ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਤ) ਤੇ ਮੱਸੇ ਦੀ ਮੌਤ ੧੨ ਜੇਠ ੧੭੯੭ ਬਿ: ਲਿਖੀ ਹੈ। ਮਈ ਦਾ ਆਖ਼ਰੀ ਹਫਤਾ ੧੭੪੦ ਈ: ਬਣਦਾ ਹੈ। ਮੈਂ ਬੁਢਾ ਦਲ ਦੇ ਸਿੰਘਾਂ ਤੋਂ ੧੩ ਭਾਦਰੋਂ (ਕੁਝ ੧੭ ਭਾਦਰੋਂ ਵੀ ਮੰਨਦੇ ਹਨ) ੧੭੪੦ ਹੀ ਸੁਣਿਆ ਹੈ। ਦਲ ਦਿਆਂ ਸਿੰਘਾਂ ਦੀ ਦਸੀ ਤਰੀਕ ਤੇ ਵੀ ਸ਼ੱਕ ਨਹੀਂ ਕੀਤਾ ਜਾ ਸਕਦਾ। ਗਿਆਨੀ ਜੀ ਵਾਲੀ ਤਰੀਕ ਮੈਂ ਕਿਸੇ ਹੋਰ ਰਿਕਾਰਡ ਅਨੁਸਾਰ ਪੜਤਾਲ ਨਹੀਂ ਕਰ ਸਕਿਆ।



www.AKJ.Org

"(ਅ) ਦੀਵਾਨ ਲਖਪਤ ਰਾਏ ਨੇ ਸਿੰਘਾਂ ਕੋਲੋਂ ਆਪਣੇ ਭਰਾ ਜਸਪਤ ਰਾਏ ਦੀ ਮੌਤ ਦਾ ਬਦਲਾ ਲੈਣ ਲਈ ੧੨ ਨਵੰਬਰ ੧੭੪੬ ਨੂੰ ਹਰੀਮੰਦਰ ਦੇ ਸਰੋਵਰ ਨੂੰ ਘੱਟੇ-ਮਿੱਟੀ ਨਾਲ ਪੂਰ ਦਿਤਾ। ਉਸ ਸਮੇਂ ਚੂਹੜ ਮਲ* ਵੀ ਲਾਹੌਰ ਦੇ ਸੂਬੇ ਦਾ ਦੀਵਾਨ ਸੀ, ਉਹ ਸਿੱਖਾਂ ਨਾਲ ਹਮਦਰਦੀ ਰਖਦਾ ਸੀ। ਪਰ ਰੱਬ ਦੀ ਕਰਨੀ ਅਜਿਹੀ ਹੋਈ ਕਿ ਛੇਤੀ ਹੀ ਪਿਛੋਂ ਲਖਪਤ ਰਾਏ ਆਪਣੇ ਸਰਕਾਰੀ ਤੇਜ ਪਰਤਾਪ ਤੋਂ ਸਖਣਾ ਹੋ ਗਿਆ। ਦੀਵਾਨ ਚੂਹੜ ਮਲ ਨੇ* ਲਖਪਤ ਰਾਏ ਨੂੰ ਬੰਦੀ ਬਣਾ ਕੇ ੩ ਮਾਰਚ ੧੭੪੭ ਨੂੰ ਸਿਖ ਪੰਥ ਦੇ ਹਵਾਲੇ ਕਰ ਦਿਤਾ। ਜਿਥੇ ਉਹ ੧੩ ਅਪ੍ਰੈਲ ੧੭੪੭ ਭਾਵ ਪੰਜ ਮਹੀਨੇ (੧੫੩ ਦਿਨ) ਪਿਛੋਂ ਮਰ ਗਿਆ।"

**ਕੈਪਟਨ ਸਾਹਿਬ ਵਲੋਂ ਸਪਸ਼ਟੀਕਰਣ** :—ਮੀਰ ਮੰਨੂੰ ਅਪ੍ਰੈਲ ੧੭੪੮ ਤੋਂ ਨਵੰਬਰ ੧੭੫੩ ਤਕ ਲਾਹੌਰ ਦਾ ਗਵਰਨਰ ਰਿਹਾ। ਮੀਰ ਮੰਨੂੰ ਨੇ ਇਸ (ਲਖਪਤ ਰਾਏ) ਦੀ ਦੁਰਾਨੀਆਂ ਨਾਲ ਸਾਜ਼ ਬਾਜ਼ ਤੋਂ ਪਿਛੋਂ, ਇਸ ਨੂੰ ੩੦ ਲਖ ਜੁਰਮਾਨਾ ਕੀਤਾ ਅਤੇ ੨੦ ਲਖ ਇਸ ਦੀ ਜਾਇਦਾਦ ਜ਼ਬਤ ਕਰ ਕੇ ਪੂਰਾ ਕੀਤਾ। ਬਾਕੀ ੧੦ ਲਖ ਲਈ ਕੈਦ ਕੀਤਾ ਗਿਆ। ਦੀਵਾਨ ਕੌੜਾ ਮਲ ਨੇ ੧੦ ਲਖ ਤਾਰ ਕੇ ਉਸ ਨੂੰ ਆਪ ਲੈ ਲਿਆ ਤੇ ਫਿਰ ਸਿੱਖਾਂ ਦੇ ਹਵਾਲੇ ਕਰ ਦਿਤਾ। ਸਿੰਘਾਂ ਨੇ ਇਕ ਡੂੰਘਾ ਟੱਟੀ-ਖ਼ਾਨਾ ਖੂਹ ਵਾਂਗ ਬਣਾ ਕੇ, ਲਖਪਤ ਨੂੰ ਸੰਗਲਾਂ ਨਾਲ ਜੂੜ ਕੇ ਵਿਚ ਸੁਟ ਦਿਤਾ ਅਤੇ ਉਸ ਦਾ ਮੂੰਹ ਉਤੇ ਰਖ ਦਿਤਾ। ਇਹ ਹੁਣ ਵਾਲੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਦੇ ਸਾਹਮਣੇ ਕਿਤਿਆਂ ਵਾਲੀ ਵਸੋਂ ਵਾਲੀ ਥਾਂ, ਜੋ ਉਸ ਵੇਲੇ ਜੰਗਲ ਹੀ ਹੁੰਦਾ ਸੀ, ਟੱਟੀਖ਼ਾਨਾ ਬਣਾਇਆ ਗਿਆ। ਇਸ ਪਾਸੇ ਮੈਦਾਨ ਆਉਣ ਵਾਲਿਆਂ ਨੂੰ ਹੁਕਮ ਸੀ ਕਿ ਟੱਟੀ ਪੇਸ਼ਾਬ ਇਸ ਦੇ ਸਿਰ ਤੇ ਕਰਨਾ ਹੈ। ਰੋਟੀ ਪਾਣੀ ਵੀ ਇਸੇ ਰਾਹੇ ਦਿਤਾ ਜਾਂਦਾ ਸੀ। ਮਹੀਨਾ ਭਰ ਇੰਜ ਨਰਕ ਭੋਗ ਕੇ ਨਰਕ ਸਿਧਾਰਿਆ।

ਰਹੀ ਗੱਲ ਤਰੀਕ ਦੀ। ਜਦ ਨਵੰਬਰ ੧੭੪੮ ਨੂੰ ਅਹਿਮਦ ਸ਼ਾਹ ਦੂਸਰੀ ਵਾਰ ਪੰਜਾਬ ਤੇ ਹਮਲਾਵਰ ਹੋਇਆ ਤਾਂ ਲਖਪਤ ਰਾਏ ਮੰਨੂੰ ਦਾ ਦੀਵਾਨ ਸੀ। ਮੰਨੂੰ ਨੇ ਉਸ ਨੂੰ ੧੭੫੦ ਤੋਂ ਪਿਛੋਂ ਕੈਦ ਕੀਤਾ ਸੀ। ਇਸ ਲਈ ਉਪ੍ਰੋਕਤ ਦਿਤੀਆਂ ਤਰੀਕਾਂ ਬਿਲਕੁਲ ਗਲਤ ਹਨ।

"(ੲ) ਲਾਹੌਰ ਦੇ ਗਵਰਨਰ ਜਹਾਨਖ਼ਾਨ ਨੇ ੧੮ ਜਨਵਰੀ ੧੭੫੭ ਨੂੰ ਪਾਵਨ ਸਰੋਵਰ ਨੂੰ ਪੂਰ ਦਿਤਾ ਤੇ ਹਰੀਮੰਦਰ ਤੇ ਕਬਜ਼ਾ ਕਰ ਲਿਆ। ਬਾਬਾ ਦੀਪ ਸਿੰਘ ਜੀ ਆਪਣੇ ਹਜ਼ਾਰਾਂ ਹੀ ਸਿੰਘ-ਸਾਥੀਆਂ ਸਮੇਤ ਹਰੀਮੰਦਰ ਦੀ ਪਵਿਤਰਤਾ ਬਹਾਲ ਕਰਦੇ ਹੋਏ ੧੦ ਫਰਵਰੀ ੧੭੫੭ ਨੂੰ ਸ਼ਹੀਦ ਹੋਏ। ਜਹਾਨ ਖ਼ਾਨ ਆਪਣੀ ਜਿੱਤ ਦੀ ਖ਼ੁਸ਼ੀ ਵਿਚ, ਲਾਹੌਰ ਦੇ ਕਿਲ੍ਹੇ ਦੇ ਅੰਦਰ ਆਪਣੇ ਅੰਗ-ਰਖਿਅਕ ਨੀਅਤ ਕਰ ਕੇ ਬਦਮਸਤ ਰਹਿਣ ਲਗਾ ਅਤੇ ਸਮਝਿਆ ਕਿ ਸਿਖ-ਸ਼ਕਤੀ ਦਾ ਭੰਗ ਪਾ ਦਿਤਾ ਹੈ। ਪਰ ਅਣਖੀ ਸੂਰਮੇ ਭਾਈ ਦਿਆਲ ਸਿੰਘ ਅਤੇ ਭਾਈ ਲਹਿਣਾ ਸਿੰਘ ੧੯ ਜੂਨ ੧੭੫੭, ਭਾਵ, ਪੰਜ ਮਹੀਨੇ (੧੫੩ ਦਿਨ) ਪਿਛੋਂ ਪਹਿਰਿਆਂ ਨੂੰ ਚੀਰਦੇ ਹੋਏ ਅੰਦਰ ਘੁਸ ਆਏ। ਪਹਿਰੇਦਾਰ ਇੰਨੇ ਘਬਰਾਏ ਕਿ ਚੂੰ ਤਕ ਨਾ ਕੀਤੀ, ਕੁਸਕ ਤਕ ਨਾ ਸਕੇ। ਜਹਾਨ ਖ਼ਾਨ ਦਾ ਸਿਰ ਧੜ ਤੋਂ ਅੱਡ ਕਰ ਕੇ ਉਹ ਪਤਰਾ ਵਾਚ ਗਏ।"

**ਕੈਪਟਨ ਸਾਹਿਬ ਵਲੋਂ ਸਪਸ਼ਟੀਕਰਣ** :—ਅਹਿਮਦ ਸ਼ਾਹ ਦੇ ਚੌਥੇ ਹਮਲੇ ਦਾ ਸਮਾਂ ਹੈ। ਇਸ ਵੇਲੇ ਜਹਾਨ ਖ਼ਾਨ ਜਮਨਾ ਦੇ ਪੂਰਬੀ ਕੰਢੇ ਲੂਨੀ ਦੀ ਜਗ੍ਹਾ ਤੇ ਸੀ। ਇਹ ੧੫ ਜਨਵਰੀ ਦੀ ਗੱਲ ਹੈ। ੧੬ ਜਨਵਰੀ ਨੂੰ ਉਹ ਜਮਨਾ ਟਪਿਆ। ਅਹਿਮਦ ਸ਼ਾਹ ਦੇ ਇਸ ਜਰਨੈਲ ਨੂੰ ਦਰਿਆ ਦੇ ਕੰਢੇ ਕੰਢੇ, ਲਹਿੰਦੇ ਪਾਣੀ ਦੁਪਹਿਰ ਨੂੰ ਲਾਲ ਕਿਲ੍ਹੇ ਦੇ ਦੂਜੇ ਪਾਸੇ ਲਸ਼ਕਰ ਸਮੇਤ ਬਾਦਸ਼ਾਹ ਨੇ ਮਹਲ ਚੋਂ ਬੈਠਿਆਂ ਵੇਖਿਆ ਤੇ ਹੋਰ ਲੋਕਾਂ ਨੇ ਦੀਵਾਨ ਖ਼ਾਸ ਚੋਂ ਦਰਿਆਉਂ ਪਾਰ ਵੇਖਿਆ ਸੀ। ਇਸ ਤੋਂ ਪਿਛੋਂ ਇਹ ਫ਼ਰਵਰੀ ਤੋਂ ਅਪ੍ਰੈਲ ਤਕ ਸੂਰਜ ਮਲ ਜਾਟ ਦੇ ਦੁਆਲੇ ਰਹੇ ਹਨ। ਸੋ ਦਿਤੀਆਂ ਤਰੀਕਾਂ ਗਲਤ ਹਨ। ਜਹਾਨ ਖਾਨ ਕਦੀ ਵੀ ਸਹੀ ਮਾਅਨਿਆਂ ਵਿਚ ਲਾਹੌਰ ਦਾ ਗਵਰਨਰ ਨਹੀਂ ਰਿਹਾ। ਹਾਂ, ਜਦ ਬਾਦਸ਼ਾਹ ਕੰਧਾਰ ਨੂੰ ਵਾਪਸ ਮੁੜਿਆ ਤਾਂ ਆਪਣੇ ਪੁਤਰ ਤੈਮੂਰ ਸ਼ਾਹ ਨੂੰ ਪੰਜਾਬ ਹੀ ਛਡ ਗਿਆ ਸੀ ਤੇ ਜਹਾਨ ਖ਼ਾਨ ਨੂੰ ਇਸ ਦੇ ਨਾਲ ਹੀ ਰਹਿਣ ਦਿਤਾ ਸੀ। ਇਹਨਾਂ ਨੇ ਅੰਮ੍ਰਿਤਸਰ

---

*ਇਹ ਦੀਵਾਨ ਕੌੜਾ ਮਲ ਸੀ, ਚੂਹੜ ਮਲ ਨਹੀਂ।



www.AKJ.Org

ਏ ਹਮਲਾ ਕਰ ਕੇ ਦਰਬਾਰ ਸਾਹਿਬ ਦੇ ਇਰਦ ਗਿਰਦ ਦੀਆਂ ਬਹੁਤ ਸਾਰੀਆਂ ਇਮਾਰਤਾਂ ਢਾਹ ਕੇ ਸਰੋਵਰ ਵਿਚ ਸੁਟਾ ਦਿਤੀਆਂ ਤੇ ਹੋਰ ਕਈ ਪਰਕਾਰ ਨਾਲ ਬੇਅਦਬੀਆਂ ਕੀਤੀਆਂ । ਇਨ੍ਹਾਂ ਨੂੰ ਇਥੋਂ ਕਢਣ ਲਈ ਧਰਮ-ਬੀਰ ਬਾਬਾ ਦੀਪ ਸਿੰਘ ਜੀ ਦਮਦਮਾ ਸਾਹਿਬ ਤੋਂ ਚਲ ਕ ਇਥੇ ਆਏ । ਗੋਹਲਵੜ ਤੋਂ ਲੜਾਈ ਅਰੰਭ ਹੋ ਕੇ ਦਰਬਾਰ ਸਾਹਿਬ ਤਕ ਆ ਕੇ ਮੁਕੀ ਅਤੇ ਦੁਰਾਨੀ ਫ਼ੌਜਾਂ ਨੂੰ ਇਥੋਂ ਕਢ ਦਿਤਾ ਗਿਆ ।

ਲੇਖਕ ਲਿਖਦਾ ਹੈ ਕਿ "੧੯ ਜੂਨ ੧੭੫੭ (੧੫੩ ਦਿਨਾ ਪਿਛੋਂ) ਪਹਿਰੇ ਚੀਰਦੇ ਹੋਏ ਅੰਦਰ ਘੁਸ ਗਏ ਤੇ ਜਹਾਨ ਖਾਨ ਦਾ ਸਿਰ ਧੜ ਤੋਂ ਅੱਡ ਕਰ ਕੇ ਪਤਰਾ ਵਾਚ ਗਏ ।" ਸੂਝਵਾਨ ਲਿਖਾਰੀ ਪਤਾ ਨਹੀਂ ਕਿਸ ਜਾਣਕਾਰੀ ਦੇ ਸੋਮੇ (Source of Information) ਨੂੰ ਅਧਾਰ ਬਣਾ ਰਿਹਾ ਹੈ ? ਜਹਾਨ ਖ਼ਾਨ ਵਡੇ ਘਲੂਘਾਰੇ ਸਮੇਂ ਜੋ ੫ ਫ਼ਰਵਰੀ ੧੭੬੨ ਨੂੰ ਵਾਪਰਿਆ, ਬਿਲਕੁਲ ਜੀਂਦਾ ਸੀ । ਉਹ ੧੭੬੫ ਵਾਲੀਆਂ ਲੜਾਈਆਂ ਵਿਚ ਵੀ ਜੀਂਦਾ ਸੀ ਅਤੇ ਇਨ੍ਹਾਂ ਲੜਾਈਆਂ ਵਿਚ ਕਾਜ਼ੀ ਨੂਰ ਮੁਹੰਮਦ ਵੀ ਸ਼ਾਮਲ ਸੀ । ਅਹਿਮਦ ਸ਼ਾਹ ੨੩ ਅਕਤੂਬਰ ੧੭੭੨ ਨੂੰ ਮਰਿਆ ਤੇ ਜਹਾਨ ਖ਼ਾਨ ਇਸ ਤੋਂ ਡੇਢ ਸਾਲ ਪਹਿਲਾਂ ਮਰਿਆ ਸੀ, ਅਤੇ ਉਹ ਵੀ ਆਪਣੇ ਦੇਸ਼ ਵਿਚ । ਜਹਾਨ ਖ਼ਾਨ ਨੂੰ ਕਤਲ ਕਰ ਕੇ ਪਤਰਾ ਵਾਚਣ ਵਾਲੀ ਗੱਲ ਮਨੋ-ਕਲਪਤ ਹੈ । ਇਸ ਵਿਚ ਰਤਾ ਸਚਾਈ ਨਹੀਂ ।

> "(ਸ) ਕੁਪ ਰਹੀੜਾ ਦੇ ਮੈਦਾਨ ਅੰਦਰ ੫ ਫ਼ਰਵਰੀ ੧੭੬੨ ਨੂੰ ਤੀਹ ਹਜ਼ਾਰ ਸਿੰਘ-ਸਿੰਘਣੀਆਂ ਤੇ ਭੁਜੰਗੀਆਂ ਨੂੰ ਸ਼ਹੀਦ ਕਰ ਕੇ ਅਹਿਮਦ ਸ਼ਾਹ ਅਬਦਾਲੀ ਤੇ ਉਸ ਦੇ ਜਰਨੈਲ ਫ਼ਤਹ ਦੇ ਬਾਜੇ ਬਜਾਉਂਦੇ ਵਾਪਸ ਮੁੜੇ । ਜਰਨੈਲ ਕਲੰਦਰ ਖ਼ਾਨ ਨੇ ੨੨ ਫਰਵਰੀ ੧੭੬੨ ਨੂੰ ਸ੍ਰੀ ਹਰੀਮੰਦਰ ਜੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬਾਰੂਦ ਨਾਲ ਉਡਾ ਦਿਤਾ, ਤਾਂ ਇਕ ਪੱਥਰ ਕਲੰਦਰ ਖ਼ਾਨ ਦੇ ਨੱਕ ਤੇ ਅਜਿਹਾ ਲਗਾ ਕਿ ਜਾਨ-ਲੇਵਾ ਸਾਬਤ ਹੋਇਆ । ਜ਼ਖ਼ਮ ਨਾਸੂਰ ਬਣ ਗਿਆ ਅਤੇ ਇਸੇ ਕਾਰਨ ਕਲੰਦਰ ਖ਼ਾਨ ਕਾਬਲ ਵਿਚ ੨੩ ਜੁਲਾਈ ੧੭੬੨ ਨੂੰ ਪੰਜ ਮਹੀਨੇ (੧੫੨ ਦਿਨ) ਪਿਛੋਂ ਕੂਚ ਕਰ ਗਿਆ ।"

**ਕੈਪਟਿਨ ਸਾਹਿਬ ਵਲੋਂ ਸਪਸ਼ਟੀਕਰਣ** :–ਅਬਦਾਲੀ ਵਡੇ ਘਲੂਘਾਰੇ ਪਿਛੋਂ ਬਰਨਾਲਾ, ਜੋ ਸ: ਆਲਾ ਸਿੰਘ ਦੇ ਇਲਾਕੇ ਦਾ ਸ਼ਹਿਰ ਸੀ, ਨੂੰ ਤਬਾਹ ਕਰ ਕੇ ਸਰਹੰਦ ਚਲਾ ਗਿਆ । ਇਥੋਂ ੧੫ ਫ਼ਰਵਰੀ ਨੂੰ ਚਲ ਕੇ ੩ ਮਾਰਚ ਨੂੰ ਲਾਹੌਰ ਅਪੜਿਆ । ਸਿੱਖਾਂ ਦੇ ਸਿਰਾਂ ਦੇ ਗੱਡੇ ਅਤੇ ਬਹੁਤ ਸਾਰੇ ਕੈਦੀ ਨਾਲ ਲਿਆਇਆ । ਇਸ ਸਾਲ ੧੦ ਅਪ੍ਰੈਲ ਨੂੰ ਵੈਸਾਖੀ ਸੀ । ਇਹ ੯ ੪-੬੨ ਨੂੰ ਅੰਮ੍ਰਿਤਸਰ ਪੁਜਾ । ਬਰੂਦ ਦੇ ਕੁਪੇ ਰਖ ਕੇ ਹਰਿਮੰਦਰ ਸਾਹਿਬ ਨੂੰ ਉਡਾਇਆ । ਇੱਟ ਦਾ ਇਕ ਟੁਕੜਾ ਉਡ ਕੇ ਇਸ ਦੇ ਨੱਕ ਤੇ ਵੱਜਾ ਤੇ ਜ਼ਖ਼ਮ ਹੋ ਗਿਆ । ਇਹ ਜ਼ਖ਼ਮ ਨਾਸੂਰ ਦੀ ਸ਼ਕਲ ਧਾਰਨ ਕਰ ਗਿਆ, ਜੋ ਲਾ-ਇਲਾਜ ਰਿਹਾ ਅਤੇ ਅਬਦਾਲੀ ਇਸ ਰੋਗ ਨਾਲ (ਨੱਕ ਵਿਚੋਂ ਕੀੜੇ ਮੂੰਹ ਵਿਚ ਡਿਗਦੇ ਸਨ, ਖਾਣਾ ਪੀਣਾ ਮੁਸ਼ਕਲ ਸੀ, ਨੱਕ ਗਲ ਗਿਆ ਸੀ ਤੇ ਉਤੇ ਚਾਂਦੀ ਦਾ ਨੱਕ ਲਾਇਆ ਹੋਇਆ ਸੀ) ੨੩-੧੦-੭੨ ਨੂੰ ਇਕ ਜਗ੍ਹਾ ਤੋਬਾ ਮਾਰੂਫ਼ ਵਿਖੇ, ਜੋ ਸੁਲੇਮਾਨ ਦੀਆਂ ਪਹਾੜੀਆਂ ਵਿਚ ਹੈ ਤੇ ਕੰਧਾਰੋਂ ੯੦ ਮੀਲ ਚੜ੍ਹਦੇ ਵਿਚ ਹੈ, ਮਰਿਆ । ਪਰ ਉਥੋਂ ਲਿਆ ਕੇ ਕੰਧਾਰ ਦੇ ਪੱਛਮੀ ਹਿਸੇ ਵਿਚ ਦਬਿਆ ਗਿਆ । ਮਿਜ਼ਾਰ ਇਥੇ ਕੰਧਾਰ ਵਿਚ ਹੈ ।

ਇਕ ਕਲੰਧਰ ਬੇਗ ਦਾ ਨਾਮ ਦੂਜੇ ਤੀਜੇ ਹਮਲੇ ਵਿਚ ਆਉਂਦਾ ਹੈ, ਤੇ ਉਹ ਏਲਚੀ ਸੀ । ਦਰਬਾਰ ਸਾਹਿਬ ਨੂੰ ਉਡਾਉਣ ਦਾ ਕੰਮ ਅਬਦਾਲੀ ਨੇ ਆਪਣੀਆਂ ਅੱਖਾਂ ਮੂਹਰੇ ਆਪ ਕਰਵਾਇਆ ਸੀ । ਕਲੰਦਰ ਖ਼ਾਨ ਕੋਈ ਛੋਟਾ ਅਧਿਕਾਰੀ ਹੋ ਸਕਦਾ ਹੈ ।

ਬਾਕੀ ਹਰ ਗੱਲ ੧੫੩ ਜਾਂ ੧੫੨ ਦਿਨਾਂ ਪਿਛੋਂ ਹੁੰਦੀ ਦਸੀ ਗਈ ਹੈ, ਇਹ ਰਹੱਸ ਮੇਰੀ ਸਮਝ ਵਿਚ ਨਹੀਂ ਆਇਆ ।

ਲਾਹੌਰ ਦੀ ਗਵਰਨਰੀ ੧੭੫੩ ਤੋਂ ਅਗੇ ੧੭੫੭ ਤਕ ਕਿਵੇਂ ਲੁਕਣ ਮਚਾਈ ਖੇਡਦੀ ਰਹੀ, ਹੇਠਾਂ ਦਿਤੀ ਇਹ ਜਾਣਕਾਰੀ ਵੀ ਸੁਆਦਲੀ ਹੈ ।

**ਅਬਦਾਲੀ ਦਾ ਚੌਥਾ ਹਮਲਾ** :–ਲਾਹੌਰ ਦਾ ਗਵਰਨਰ ਮੁਅਈਨੁਲ ਮੁਲਕ (ਮੀਰ ਮੰਨੂੰ) ਲਾਹੋਰੋਂ



www.AKJ.Org

੭-੮ ਕੋਹ ਦੂਰ, ਰੜ੍ਹਦੇ ਦਖਣ ਵਿਚ ਮਲਿਕਪੁਰ ਪਿੰਡ ਪਾਸ ਕੈਂਪ ਲਾਈ ਬੈਠਾ ਸੀ, ਜਦ ਕਿ ੨ ਨਵੰਬਰ ੧੭੫੩ ਨੂੰ ਹਲਕਾਰਿਆਂ ਵਲੋਂ ਖ਼ਬਰ ਮਿਲਣ ਤੇ ਸਿੰਘਾਂ ਮਗਰ ਪਿਆ। ਘੋੜੇ ਤੋਂ ਡਿਗ ਕੇ ੪ ਨਵੰਬਰ ੧੭੫੩ ਨੂੰ ਮਰ ਗਿਆ। ਸਰਈਆ ਬੇਗਮ ਜਾਂ ਮੁਰਾਦ ਬੇਗਮ, ਜਿਸ ਨੂੰ ਮੁਗਲਾਣੀ ਬੇਗਮ ਕਿਹਾ ਜਾਂਦਾ ਹੈ, ਇਹ ਮੀਰ ਮੰਨੂੰ ਦੀ ਬੇਵਾ ਇਸ ਗਵਰਨਰੀ ਦੀ ਚਾਹਵਾਨ ਸੀ। ਪਰ ਦਿਲੀ ਦੇ ਬਾਦਸ਼ਾਹ ਅਹਿਮਦਸ਼ਾਹ (ਮੁਹੰਮਦ ਸ਼ਾਹ ਰੰਗੀਲੇ ਦਾ ਪੁਤ) ਨੇ ਆਪਣੇ ਤਿੰਨਾਂ ਸਾਲਾਂ ਦੇ ਪੁਤ ਸ਼ਹਿਜ਼ਾਦੇ ਮਹਿਮੂਦ ਸ਼ਾਹ ਨੂੰ ਲਾਹੌਰ ਤੇ ਮੁਲਤਾਨ ਦਾ ਗਵਰਨਰ ਬਣਾ ਦਿਤਾ ਅਤੇ ਮੀਰ ਮੰਨੂੰ ਦੇ ਦੋ ਸਾਲਾਂ ਦੇ ਪੁਤ ਮੁਹੰਮਦ ਅਮੀਨ ਖ਼ਾਨ ਨੂੰ ਉਸ ਦਾ ਨਵਾਬ ਬਣਾ ਦਿਤਾ। ਪਰ ਅਸਲ ਤਾਕਤ ਮੀਰ ਮੋਮਨ ਖ਼ਾਨ ਕਸੂਰੀ ਦੇ ਹੱਥਾਂ ਵਿਚ ਸੀ। ਕਸ਼ਮੀਰ ਦਾ ਗਵਰਨਰ ਵੀ ਇਕ ੧੫ ਸਾਲਾਂ ਦੀ ਉਮਰ ਦਾ ਸ਼ਹਿਜ਼ਾਦਾ ਤਾਲਿਹ ਸਈਅਦ ਸ਼ਾਹ ਬਣਾਇਆ ਗਿਆ। ਪਰ ਇਹ ਤਮਾਸ਼ਾ ਥੋੜੇ ਹੀ ਦਿਨ ਰਿਹਾ। ਮੀਰ ਮੰਨੂੰ ਦਾ ਭਰਾ, ਜਿਸ ਨੂੰ ਸਫ਼ਦਰ ਜੰਗ ਦੀ ਥਾਂ ਦਿੱਲੀ ਦਰਬਾਰ ਵਿਚ ਲਾਇਆ ਗਿਆ ਸੀ, ਨੂੰ ਲਾਹੌਰ ਦਾ ਗਵਰਨਰ ਬਣਾਇਆ, ਪਰ ਉਹ ਰਹੇਗਾ ਦਿਲੀ ਹੀ। ਉਸ ਨੇ ੨੧ ਨਵੰਬਰ ਨੂੰ ਮੀਰ ਮੋਮਨ ਖ਼ਾਨ ਤੇ ਭਿਖਾਰੀ ਖ਼ਾਨ ਨੂੰ ਆਪਣੇ ਨਾਇਬ ਲਾ ਲਿਆ। ਅਦੀਨਾ ਬੇਗ ਨੂੰ ਦੁਆਬਾ ਬਿਸਤ-ਦੁਆਬ-ਜਲੰਧਰ ਦਾ ਨਾਇਬ ਫ਼ੌਜਦਾਰ ਨਿਯੁਕਤ ਕੀਤਾ। ਪਰ ਅਹਿਮਦ ਸ਼ਾਹ ਅਬਦਾਲੀ ਨੇ ਮੀਰ ਮੰਨੂੰ ਦੇ ਲੜਕੇ ਨੂੰ ਗਵਰਨਰ ਬਣਾ ਕੇ ਮੀਰ ਮੋਮਨ ਖ਼ਾਨ ਨੂੰ ਉਸ ਦਾ ਡਿਪਟੀ ਬਣਾਇਆ। ਮੁਗਲਾਣੀ ਬੇਗਮ ਆਪਣੇ ਪੁਤ ਦੇ ਨਾਂ ਤੇ ਪੰਜਾਬ ਦੀ ਗਵਰਨਰੀ ਕਰਦੀ ਰਹੀ। ਮਿਰਜ਼ਾ ਜਾਨ ਐਮਨਾਬਾਦ ਦਾ ਫ਼ੌਜਦਾਰ ਤੇ ਅਦੀਨਾ ਬੇਗ ਜਲੰਧਰ ਵਾਲਾ ਵੀ ਲਾਹੌਰ ਦੀ ਗਵਰਨਰੀ ਦੇ ਇਛਕ ਸਨ। ਮੁਗਲਾਣੀ ਬੇਗਮ ਦੀ ਲਾਹੌਰ ਉਤੇ ਗਵਰਨਰੀ (ਆਪਣੇ ਪੁਤ ਦੇ ਨਾਂ ਤੇ) ਸਿਰਫ਼ ੭ ਮਹੀਨੇ ਰਹੀ, ਕਿਉਂਕਿ ਉਸ ਦਾ ਪੁਤ ਮਈ ਦੇ ਅਖ਼ੀਰ ਵਿਚ ਮਰ ਗਿਆ। ਆਲਮਗੀਰ ਸਾਨੀ ਬਾਦਸ਼ਾਹ ਦਿਲੀ ਨੇ ਮੀਰ ਮੋਮਨ ਖ਼ਾਨ ਨੂੰ ਆਫ਼ੀਸ਼ਲੀ (ਸਰਕਾਰੀ ਤੌਰ ਤੇ) ਲਾਹੌਰ ਦਾ ਗਵਰਨਰ ਬਣਾ ਦਿਤਾ, ਪਰ ਤਾਕਤ ਮੁਗਲਾਣੀ ਬੇਗਮ ਦੇ ਹੀ ਹੱਥ ਵਿਚ ਰਹੀ। ਉਸ ਪਾਸੋਂ ਦਸੰਬਰ ੧੭੫੪ ਵਿਚ ਐਮਨਾਬਾਦ ਦੇ ਫ਼ੌਜਦਾਰ ਖ਼ਵਾਜਾ ਮਿਰਜ਼ਾ ਜਾਨ ਨੇ ਆ ਕੇ ਮਲੋ-ਜ਼ੋਰੀ ਗਵਰਨਰੀ ਸੰਭਾਲ ਲਈ। ਮੁਗ਼ਲਾਣੀ ਬੇਗਮ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਅਪੀਲ ਕੀਤੀ। ਉਸ ਨੇ ਮੁਗਲਾਣੀ ਬੇਗਮ ਨੂੰ ਗਵਰਨਰ ਬਣਾ ਕੇ ਉਬੇਦਉਲਾ ਖ਼ਾਨ, ਜੋ ਜ਼ਕਰੀਆ ਖ਼ਾਨ ਦਾ ਛੋਟਾ ਭਾਈ ਸੀ, ਨੂੰ ਉਸ ਦਾ ਨਵਾਬ ਥਾਪ ਦਿਤਾ। ਇਹ ਬੇਗਮ ਇਸ ਦੀ ਭਤੀਜੀ ਸੀ, ਇਨ੍ਹਾਂ ਦੋਹਾਂ ਹੀ ਖ਼ੂਬ ਖੜਕੀ। ਜੁਲਾਈ ੧੭੫੫ ਨੂੰ ਦੂਵਲੀ ਤਲਵਾਰ ਚਲੀ। ਅਫ਼ਗਾਨ ਪ੍ਰਤੀਨਿਧ ਹਾਦੀ ਖ਼ਾਨ ਨੇ ਉਬੇਦਉਲਾ ਨੂੰ ਗਵਰਨਰ ਬਣਾ ਦਿਤਾ ਤੇ ਬੇਗਮ ਨੂੰ ਹਟਾ ਕੇ, ਅਰਾਮ ਨਾਲ ਜ਼ਿੰਦਗੀ ਬਸਰ ਕਰਨ ਲਈ ਉਸ ਦੀ ਮਾਂ ਦੀ ਹਵੇਲੀ ਵਿਚ ਪਹੁੰਚਾ ਦਿਤਾ। ਹਾਲਾਤ ਨੇ ਫਿਰ ਪਲਟਾ ਖਾਧਾ, ਬੇਗਮ ਦਾ ਪਲਾ ਭਾਰੀ ਹੋ ਗਿਆ। ਅਹਿਮਦ ਸ਼ਾਹ ਦੇ ਹੁਕਮ ਨਾਲ ਬੇਗਮ ਮੁੜ ਫ਼ਰਵਰੀ ੧੭੫੬ ਨੂੰ ਗਵਰਨਰ ਬਣੀ। ਉਬੇਦਉਲਾ ਖਾਨ ਜੰਮੂ ਵਲ ਭਜ ਗਿਆ। ਮੁਗਲਾਣੀ ਬੇਗਮ ਦਾ ਚਾਲ ਚਲਣ ਬਹੁਤ ਮਾੜਾ ਹੋਣ ਕਰਕੇ, ਉਸ ਦੇ ਹੋਣ ਵਾਲੇ ਜਵਾਈ ਗ਼ਾਜ਼ੀਉ ਦੀਨ ਨੇ, ਜੋ ਵਜ਼ੀਰ ਦਿਲੀ ਦਰਬਾਰ ਸੀ, ਉਸ ਨੂੰ ਹਟਾ ਕੇ ਦਿਲੀ ਬੁਲਾਇਆ ਅਤੇ ਇਕ ਵਾਰ ਫਿਰ ਮੀਰ ਮੋਮਨ ਖ਼ਾਨ ਨੂੰ ਲਾਹੌਰ ਦਾ ਗਵਰਨਰ ਬਣਾ ਕੇ, ਉਸ ਦਾ ਨਾਇਬ ਸਈਅਦ ਜਮੀਲੁਦੀਨ ਨੂੰ ਬਣਾ ਦਿਤਾ। ਅਸਲ ਤਾਕਤ ਇਸ ਨਾਇਬ ਦੇ ਹੱਥ ਹੀ ਰਹੀ। ਪਰ ਥੋੜੀ ਦੇਰ ਪਿਛੋਂ ਅਦੀਨਾ ਬੇਗ ਖ਼ਾਨ ਨੂੰ ੩੦ ਲਖ ਸਾਲਾਨਾ ਬਾਜਗੁਜ਼ਾਰੀ ਬਦਲੇ ਲਾਹੌਰ ਚੀ ਸੂਬੇਦਾਰੀ ਦੇ ਦਿਤੀ। ਇਹ ਗੱਲ ਮਈ ੧੭੫੬ ਦੀ ਹੈ।

ਇਸ ਤੋਂ ਅਗੇ ਬਾਰੇ ਪਿਛੇ ਜ਼ਿਕਰ ਆ ਚੁਕਾ ਹੈ। ਪਰ ਜਹਾਨ ਖ਼ਾਨ, ਜਿਵੇਂ ਲਿਖਿਆ ਹੈ, ਕਦੀ ਵੀ ਲਾਹੌਰ ਦਾ ਗਵਰਨਰ ਨਹੀਂ ਰਿਹਾ, ਤੈਮੂਰ ਦਾ ਨਾਇਬ ਤੇ ਕਮਾਂਡਰ ਇਨ ਚੀਫ਼ ਜ਼ਰੂਰ ਰਿਹਾ ਸੀ।

ਮੈਂ ਉਪ੍ਰੋਕਤ ਸਾਰੇ ਤੱਥ ਪ੍ਰਮਾਣਤ ਆਧਾਰ ਤੇ ਲਿਖੇ ਹਨ। ਬੇਲੋੜਾ ਫੈਲਾ ਕਰਨ ਤੋਂ ਸੰਕੋਚ ਕਰਨ ਲਈ ਮੈਂ ਉਨ੍ਹਾਂ ਸਾਰੀਆਂ ਕਿਤਾਬਾਂ ਦੇ ਨਾਉਂ ਨਹੀਂ ਦਿਤੇ। ਲੋੜ ਪੈਣ ਤੇ ਪੂਰੀ ਫ਼ਰਿਸਤ ਭੇਜੀ ਜਾ ਸਕਦੀ ਹੈ।

[ਸਹੀ—ਸਵਰਨ ਸਿੰਘ]



www.AKJ.Org

# ਸਮੱਸਿਆ ਸਿੱਖ ਵਕਾਰ ਦੀ ਬਹਾਲੀ ਦੀ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਨੋਟ–ਇਹ ਹਿਰਦੇ ਦੀ ਪੀੜਾ ਨਾਲ ਲਿਖਿਆ ਲੇਖ ਡਾਕਟਰ ਨੇਕੀ ਨੇ ''ਪੰਜਵਾਂ ਸਾਲਾਨਾ ਰਘਬੀਰ ਸਿੰਘ ਬੀਰ ਮੈਮੋਰੀਅਲ ਲੈਕਚਰ'' ਸਮੇਂ ਸੰਗਤਾਂ ਦੇ ਸਨਮੁਖ ਪੜ੍ਹ ਕੇ ਸੁਣਾਇਆ ਸੀ, ਜੋ ਅੱਜ ਦੀ ਸਿੱਖ ਕੌਮ ਦੀ ਵਾਪਰਦੀ ਦਸ਼ਾ ਦਾ ਚਿਤਰ ਪੇਸ਼ ਕਰ ਰਿਹਾ ਹੈ। –ਸੰਪਾਦਕ

---

ਮੈਂ ਆਪਣੀ ਕੌਮ ਨੂੰ ਸੱਚ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਣ ਲਈ ਨਿਮੰਤ੍ਰਿਤ ਕਰਨਾ ਚਾਹੁੰਦਾ ਹਾਂ। ਜਦ ਤਕ ਸੱਚ ਦੇ ਸਨਮੁਖ ਨਾ ਹੋਈਏ, ਸਦਾਚਾਰਕ ਔਕੜਾਂ ਦਾ ਹੱਲ ਨਹੀਂ ਲਭਦਾ। ਅਜ ਨਿਰਸੰਦੇਹ ਸੱਚ ਦੇ ਸਨਮੁਖ ਹੋਣ ਦਾ ਸਮਾਂ ਹੈ। ਸਮਾਂ ਹੈ ਮੁੜ ਆਪਣੀ ਆਚਰਣਕ ਜ਼ਿੰਮੇਵਾਰੀ ਨੂੰ ਸੰਭਾਲਣ ਦਾ, ਆਪਣੇ ਸਿਦਕ ਨੂੰ ਝੰਜੋੜਨ ਦਾ, ਆਪਣੇ ਸਿਰੜ ਨੂੰ ਤਕੜਿਆਂ ਕਰਨ ਦਾ, ਆਪਣੇ ਕਿਰਦਾਰ ਵਿਚ ਵਾਹਿਗੁਰੂ ਜੀ ਦੀ ਕਲਾ ਨੂੰ ਵਰਤਣ ਲਈ ਸੱਦਾ ਦੇਣ ਦਾ––ਤਾਂ ਜੁ ਪੰਥ ਸਦਾ ਵਾਂਗ ਸਦੀਵ ਕਾਲ ਚੜ੍ਹਦੀ ਕਲਾ ਵਿਚ ਰਹੇ।

ਖਾਲਸਾ ਪੰਥ ਅਜ ਇਕ ਵਡੀ ਅਧੋਗਤੀ ਦੀ ਦਸ਼ਾ ਵਿਚੋਂ ਲੰਘ ਰਿਹਾ ਹੈ। ਉਹ ਪੰਥ ਜੋ ਹਰ ਕਿਸੇ ਨੂੰ ਜ਼ੁਲਮ ਤੋਂ ਬਚਾਉਣ ਲਈ ਸਾਜਿਆ ਗਿਆ ਸੀ, ਅੱਜ ਆਪ ਜ਼ੁਲਮ ਦਾ ਸ਼ਿਕਾਰ ਹੈ। ਜੋ ਸਦਾ ਚੜ੍ਹਦੀ ਕਲਾ ਵਿਚ ਵਿਚਰਦਾ ਸੀ, ਅੱਜ ਇਸ ਉਚੀ ਸੁਰਤ ਦਾ ਭਰਵਾਂ ਪ੍ਰਮਾਣ ਦੇਣ ਤੋਂ ਕਾਸਰ ਜਾਪਦਾ ਹੈ।

ਅੱਜ ਸਾਥੋਂ ਸ਼ਹਿਰੀ ਆਜ਼ਾਦੀ ਖੋਹ ਲਈ ਗਈ ਹੈ। ਕੋਈ ਇਸ ਬਾਰੇ ਰੋਸ ਕਰੇ ਤਾਂ ਜੇਲ੍ਹ ਵਿਚ ਪਾ ਦਿਤਾ ਜਾਂਦਾ ਹੈ। ਕੋਈ ਹਮਦਰਦ ਬੋਲੇ ਤਾਂ ਦੇਸ਼-ਧਰੋਹੀ ਗਰਦਾਨਿਆ ਜਾਂਦਾ ਹੈ। ਜਿਸ ਕੌਮ ਨੇ ਆਜ਼ਾਦੀ ਦਾ ਸੰਕਲਪ ਇਸ ਦੇਸ਼ ਨੂੰ ਦਿਤਾ, ਅਜ ਇਸੇ ਦੇਸ਼ ਵਿਚ ਉਸ ਨੂੰ ਆਜ਼ਾਦੀ ਦੀ ਭਾਲ ਹੈ। ਬੜੇ ਘਟ ਲੋਕ ਇਹ ਜਾਣਦੇ ਹਨ ਕਿ ਸਿੱਖ ਸਤਿਗੁਰਾਂ ਨੇ ਸਭ ਤੋਂ ਪਹਿਲਾਂ ਇਸ ਦੇਸ਼ ਨੂੰ ਇਕ ਦੇਸ਼ ਹੋਣ ਦਾ ਤੇ ਇਕ ਸਾਂਝੀ ਕੌਮੀਅਤ ਹੋਣ ਦਾ ਸੰਕਲਪ ਦਿਤਾ। ਹੋਰ ਵੀ ਘੱਟ ਲੋਕ ਜਾਣਦੇ ਹਨ ਕਿ ਸ਼ਬਦ 'ਹਿੰਦੁਸਤਾਨ' ਸਾਹਿੱਤ ਵਿਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਵਰਤਿਆ। ਬਾਬਰ ਦੇ ਹਮਲੇ ਵੇਲੇ ਉਹਨਾਂ ਹੀ ਤਾਂ ਕਿਹਾ ਸੀ :–

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥ (ਆਸਾ ਮ: ੧, ਪੰਨਾ ੩੬੦)

ਜਿਸ ਦੇਸ਼ ਦੀ ਆਜ਼ਾਦੀ ਦੀ ਖ਼ਾਤਰ ਸਿੱਖ ਕੌਮ ਨੇ ਮੁਗਲਾਂ ਦੇ ਵੇਲੇ ਕੁਰਬਾਨੀਆਂ ਦਿਤੀਆਂ, ਜਿਸ ਨੇ ਅੰਗਰੇਜ਼ੀ ਰਾਜ ਤੋਂ ਦੇਸ਼ ਆਜ਼ਾਦ ਕਰਾਉਣ ਲਈ ਹੋਰਨਾਂ ਕੌਮਾਂ ਤੋਂ ਵੱਧ ਚੜ੍ਹ ਕੇ ਜਾਨਾਂ ਦੀ ਆਹੂਤੀ ਪਾਈ, ਅਜ ਉਸੇ ਕੌਮ ਦੀ ਆਪਣੀ ਆਜ਼ਾਦ ਹਸਤੀ ਸ਼ੱਕੀ ਹੋਈ ਪਈ ਹੈ।

ਜਿਸ ਨੇ ਹੋਰਨਾਂ ਦੇ ਧਰਮ-ਅਸਥਾਨਾਂ ਦੀ ਬੇਹੁਰਮਤੀ ਦੇ ਵਿਰੁਧ ਆਵਾਜ਼ ਉਠਾਈ, ਅਜ ਉਸ ਦੇ ਆਪਣੇ ਧਰਮ-ਅਸਥਾਨ ਮਿਸਮਾਰ ਕੀਤੇ ਜਾ ਰਹੇ ਹਨ......।

ਉਂਵ ਇਹ ਕੋਈ ਅਲੋਕਾਰ ਗੱਲ ਨਹੀਂ ਹੋਈ। ਪੰਥ ਨਾਲ ਏਹੋ ਜਿਹੀ ਹੋਣੀ ਪਹਿਲਾਂ ਵੀ ਕਈ ਵਾਰ ਵਾਪਰ ਚੁਕੀ ਹੈ। ਅਗੇ ਵੀ ਸਿਰਾਂ ਦੇ ਮੁਲ ਲਾਏ ਗਏ। ਅਗੇ ਵੀ ਮਾਸੂਮ ਬੱਚਿਆਂ ਤੇ ਜ਼ੁਲਮ ਢਾਹੇ ਗਏ। ਛੋਟੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣਾਇਆ ਗਿਆ, ਸੁਬੇਗ ਸਿੰਘ, ਸ਼ਾਹਬਾਜ਼ ਸਿੰਘ ਪਿਉ ਪੁਤਰਾਂ ਨੂੰ ਚਰਖੜੀ ਤੇ ਚਾੜ੍ਹਿਆ ਗਿਆ, ਮਾਂ-ਗੋਦੀ ਵਿਚ ਪਏ ਬੱਚਿਆਂ ਦੇ ਟੋਟੇ ਕਰ ਕੇ ਉਹਨਾਂ ਦੇ ਹਾਰ ਮਾਵਾਂ ਦੇ ਗਲ ਪੁਆਏ ਗਏ। ਸਿੰਘ ਜੰਗਲਾਂ-ਬਨਾਂ ਵਿਚ ਭਜੇ ਫਿਰੇ। ਉਹਨਾਂ ਦੇ ਧਰਮ ਅਸਥਾਨ ਢਹਿ-ਢੇਰੀ ਕੀਤੇ ਗਏ। ਸਰੋਵਰ ਹੱਡ-ਚੰਮ ਨਾਲ ਪੂਰ ਦਿਤੇ ਗਏ। ਇਹਨਾਂ ਜ਼ੁਲਮਾਂ ਦੇ ਵਿਰੁਧ ਆਹ ਦਾ ਨਾਹਰਾ ਲਾਉਣ ਵਾਲੇ ਸਰਕਾਰੀ ਕ੍ਰੋਪੀ ਦਾ ਸ਼ਿਕਾਰ ਹੋਏ। ਜਾਪਦਾ ਹੈ ਜ਼ੁਲਮ ਨੇ ਆਪਣਾ ਪੈਟਰਨ ਅਜ ਫੇਰ ਦੁਹਰਾਇਆ ਹੈ।

ਓਦੋਂ ਤਾਂ ਇਕ ਸਮਾਂ ਅਜਿਹਾ ਵੀ ਆ ਗਿਆ ਸੀ, ਜਦ ੧੭੩੯ ਵਿਚ, ਸਰਕਾਰ ਨੇ ਡੰਕੇ ਦੀ ਚੋਟ ਨਾਲ ਢੰਡੋਰਾ ਵੀ ਪਿਟਵਾ ਦਿਤਾ ਸੀ ਕਿ ਕੇਸ-ਦਾੜ੍ਹੇ ਵਾਲਾ ਕੋਈ ਸਿੱਖ ਬਾਕੀ ਨਹੀਂ ਰਹਿ ਗਿਆ। ਤਦ ਲਾਹੌਰੋਂ ਦਿੱਲੀ



www.AKJ.Org

ਜਾਂਦੀ ਸੜਕ ਪੁਰ ਸਰਾਇ ਨੂਰ ਦੀਨ ਦੇ ਲਾਗੇ ਕਿਸੇ ਨੇ ਦੋ ਸਿੱਖ ਜੰਗਲ ਵਿਚ ਵੇਖੇ ਤੇ ਕਿਹਾ, "ਓਏ ਤੁਸੀਂ ਅਜੇ ਜੀਊਂਦੇ ਓ ? ਸਰਕਾਰ ਨੇ ਤਾਂ ਡੌਂਡੀ ਪਿਟਵਾ ਦਿਤੀ ਹੈ, ਕੋਈ ਸਿੱਖ ਬੱਚਿਆ ਨਹੀਂ।"

"ਹੱਛਾ ?" ਇਹ ਕਹਿ ਕੇ ਭਾਈ ਬੋਤਾ ਸਿੰਘ ਤੇ ਉਸ ਦਾ ਸਾਥੀ ਗਰਜਾ ਸਿੰਘ ਹੱਥ ਵਿਚ ਸੋਟਾ ਪਕੜ ਕੇ ਲਾਗੇ ਦੇ ਪੁਲ ਤੇ ਖੜੋ ਗਏ ਤੇ ਕਹਿਣ ਲਗੇ, "ਜਾਓ ਸੂਬਾ ਲਾਹੌਰ ਨੂੰ ਆਖ ਦਿਉ, ਇਸ ਪੁਲ ਉਪਰ ਖ਼ਾਲਸੇ ਦਾ ਰਾਜ ਹੈ। ਇਥੋਂ ਕੋਈ ਜ਼ਕਾਤ ਦਿਤੇ ਬਿਨਾਂ ਨਹੀਂ ਲੰਘ ਸਕੇਗਾ।" ਇਸੇ ਮਫ਼ਹੂਮ ਦੀ ਇਕ ਜੋਸ਼-ਭਰੀ ਚਿੱਠੀ ਵੀ ਬੋਤਾ ਸਿੰਘ ਨੇ ਸੂਬਾ ਲਾਹੌਰ ਨੂੰ ਲਿਖੀ।

ਉਦੋਂ ਤਾਂ ਖ਼ਾਲਸਾ ਇਕੋ ਸਰਕਾਰ ਦੀ ਰਿਆਸਤ ਵਿਚ ਵਸਦਾ ਸੀ, ਮੁਕਾਇਆ ਜਾ ਸਕਦਾ ਸੀ। ਅਜ ਤਾਂ ਖ਼ਾਲਸੇ ਦੀਆਂ ਜੜ੍ਹਾਂ ਦੇਸ਼ਾਂ ਪ੍ਰਦੇਸ਼ਾਂ ਵਿਚ ਲਗ ਗਈਆਂ ਹਨ। ਇਸ ਨੂੰ ਮੁਕਾਉਣਾ ਸੰਭਵ ਨਹੀਂ। ਫਿਰ ਕੀ ਕਾਰਨ ਹੈ, ਅਜ ਕੌਮ ਦੇ ਵਕਾਰ ਨੂੰ ਧੱਕਾ ਲਗਾ ਪ੍ਰਤੀਤ ਕਰਦੇ ਹਾਂ, ਜਿਹੜਾ ਉਦੋਂ ਨਹੀਂ ਸੀ ਲਗਾ ? ਫ਼ਰਕ ਇਹ ਹੈ, ਉਦੋਂ ਬੋਤਾ ਸਿੰਘ ਬੋਲਿਆ ਸੀ। ਅਜ ਬੋਲਣ ਵਾਲਾ ਬੋਤਾ ਸਿੰਘ ਕੋਈ ਨਹੀਂ ਦਿਸਦਾ। ਅਜ ਗੁਰੂ ਅਰਜਨ ਸਾਹਿਬ ਦੇ ਇਹ ਪਾਵਨ ਬੋਲ ਸਾਨੂੰ ਵੰਗਾਰ ਪਾਉਂਦੇ ਪ੍ਰਤੀਤ ਹੁੰਦੇ ਹਨ :–

ਬੋਲਿ ਸੁ ਧਰਮੀੜਿਆ ਮੋਨਿ ਕਤ ਧਾਰੀ ਰਾਮ ॥ (ਬਿਹਾਗੜਾ ਮ: ੫, ਪੰਨਾ ੫੪੭)

ਮਤ ਸਮਝੋ ਸਾਨੂੰ ਬਾਹਰੋਂ ਕੋਈ ਖ਼ਤਰਾ ਹੈ। ਖ਼ਤਰਾ ਸਾਨੂੰ ਸਾਡੇ ਆਪਣੇ ਤਾਂ ਅੰਦਰੋਂ ਹੈ। ਕੌਮਾਂ ਦੇ ਵਕਾਰ, ਕੌਮਾਂ ਦੇ ਆਚਰਣ ਨਾਲ ਕਾਇਮ ਰਹਿੰਦੇ ਹਨ। ਆਚਾਰ ਗਿਰ ਜਾਣ ਤਾਂ ਕੌਮਾਂ ਨਸ਼ਟ-ਭ੍ਰਸ਼ਟ ਹੋ ਜਾਂਦੀਆਂ ਹਨ। ਸਾਡਾ ਵਕਾਰ, ਸਾਡਾ ਬਿਰਦ, ਇਸ ਤਰ੍ਹਾਂ ਦਾ ਸੀ ਕਿ ਸਾਡੇ ਵਿਰੋਧੀ ਵੀ ਤਾਰੀਫ਼ ਕਰਦੇ ਸਨ।* ਅਸੀਂ ਹਰ ਰੋਜ਼ ਅਰਦਾਸ ਵਿਚ "ਬਿਰਦ ਕੀ ਪੈਜ" ਮੰਗਦੇ ਹਾਂ। ਕਦੇ ਅਸਾਂ ਸੋਚਿਆ, ਇਸ ਦਾ ਅਰਥ ਕੀ ਹੈ ? ਬਿਰਦ ਦਾ ਅਰਥ ਹੈ, ਜੱਸ, ਕੀਰਤੀ (reputation), ਤੇ ਪੈਜ ਦਾ ਅਰਥ ਹੈ, ਇੱਜ਼ਤ, ਅਬਰੋ। ਇਉਂ 'ਬਿਰਦ ਕੀ ਪੈਜ' ਦਾ ਅਰਥ ਹੋਇਆ : ਜੋ ਜੱਸ-ਕੀਰਤੀ ਸਾਨੂੰ ਪ੍ਰਾਪਤ ਹੈ, ਉਸ ਦੀ ਇੱਜ਼ਤ-ਅਬਰੋ ਬਣੀ ਰਹੇ। ਖ਼ਾਲਸ਼ਾ ਜੀ, ਉਹ ਜੱਸ-ਕੀਰਤੀ ਹੈ ਜਿਸ ਦੇ ਬਣੇ ਰਹਿਣ ਦੀ ਅਸੀਂ ਨਿੱਤ ਅਰਦਾਸ ਕਰਦੇ ਹਾਂ ? ਇਕ ਪ੍ਰਮੁਖ ਚਿਤ੍ਰਣ ਇਸ ਬਿਰਦ ਦਾ ਭਾਈ ਨੰਦ ਲਾਲ ਜੀ ਨੇ ਕੀਤਾ ਹੈ :–

ਖ਼ਾਲਸਾ ਸੋਇ ਜੋ ਨਿੰਦਾ ਤਿਆਗੇ ॥ ਖ਼ਾਲਸਾ ਸੋਇ ਲੜੈ ਹੋਇ ਆਗੇ ॥
ਖ਼ਾਲਸਾ ਸੋਇ ਪੰਚ ਕਉ ਮਾਰੈ ॥ ਖ਼ਾਲਸਾ ਸੋਇ ਭਰਮ ਕਉ ਸਾੜੈ ॥
ਖ਼ਾਲਸਾ ਸੋਇ ਮਾਨ ਕੋ ਤਿਆਗੈ ॥ ਖ਼ਾਲਸਾ ਸੋਇ ਨਾਮ ਰਤ ਲਾਗੈ ॥
ਖ਼ਾਲਸਾ ਸੋ ਪਰਦ੍ਰਿਸ਼ਟ ਤਿਆਗੈ ॥ ਖ਼ਾਲਸਾ ਸੋਇ ਪਰਤ੍ਰਿਆ ਤੇ ਭਾਗੈ ॥
ਖ਼ਾਲਸਾ ਸੋ ਬਾਣੀ ਹਿਤ ਲਾਏ ॥ ਖ਼ਾਲਸਾ ਸੋਇ ਸਾਰ ਮੁਹ ਖਾਏ ॥...
ਖ਼ਾਲਸਾ ਸੋਇ ਸ਼ਸਤ੍ਰ ਕਉ ਧਾਰੈ ॥ ਖ਼ਾਲਸਾ ਸੋਇ ਦੁਸ਼ਟ ਕਉ ਮਾਰੈ ॥ (ਤਨਖਾਹ ਨਾਮਾ)

ਇਸ ਵਿਵਰਣ ਤੋਂ ਖ਼ਾਲਸੇ ਦਾ ਜੋ ਰੂਪ ਉਘੜਦਾ ਹੈ, ਉਹ ਸੰਤ-ਸਿਪਾਹੀ ਦਾ ਰੂਪ ਹੈ। ਜੋ ਨਾਮ ਦਾ ਰਸੀਆ, ਦੀਨਾਂ ਦਾ ਦਰਦਵੰਦ, ਨਿਰਧਨ ਦਾ ਸਹਾਇਕ ਉਚੇ ਆਚਰਣ ਵਾਲਾ ਮਨੁਖ ਹੈ, ਜੋ ਦੁਸ਼ਟਾਂ ਦਾ ਦਮਨ ਕਰਦਾ ਤੇ ਇਸ ਖ਼ਾਤਰ ਸ਼ਸਤ੍ਰ-ਬੱਧ ਵੀ ਹੈ, ਬਚਨ-ਬੱਧ ਵੀ। ਐਸੀ ਬਚਨ-ਬੱਧਤਾ ਦੀ ਲਾਜ ਰਹਿ ਜਾਏ, ਏਹੋ ਬਿਰਦ ਕੀ ਪੈਜ ਦਾ ਅਰਥ ਹੈ।

ਸਿੱਖ ਇਤਿਹਾਸ ਵਿਚ ਅਨਗਿਣਤ ਮਿਸਾਲਾਂ ਐਸੇ ਧਰਮੀ ਯੋਧਿਆਂ ਦੀਆਂ ਹਨ ਜਿਨ੍ਹਾਂ ਵਿਚ ਜੱਸ, ਇਹ

* ਕਾਜ਼ੀ ਨੂਰ ਮੁਹੰਮਦ ਇਕ ਮੁਸਲਮਾਨ ਇਤਿਹਾਸਕਾਰ ਹੋਇਆ ਹੈ ਜੋ ਨਫ਼ਰਤ ਨਾਲ ਸਿੱਖਾਂ ਨੂੰ 'ਸਗ' (ਕੁੱਤੇ) ਕਹਿੰਦਾ ਹੈ, ਪਰ ਉਹ ਵੀ ਸਿੰਘ ਦੇ ਆਚਰਣ ਦੀ ਉਪਮਾ ਕਰਦਾ ਹੈ—"ਇਹ (ਸਿੱਖ) ਕੇਵਲ ਸੂਰਬੀਰ ਹੀ ਨਹੀਂ, ਹੋਰ ਸਭ ਪ੍ਰਕਾਰ ਦੇ ਸੂਰਮਿਆਂ ਤੋਂ ਇਕ ਗੱਲੋਂ ਅਤਿ ਉੱਤਮ ਹਨ। ਇਹ ਕਾਇਰ ਨੂੰ ਨਹੀਂ ਮਾਰਦੇ। ਭੱਜੇ ਜਾਂਦੇ ਤੇ ਪਿਛੋਂ ਵਾਰ ਨਹੀਂ ਕਰਦੇ। ਕਿਸੇ ਤੀਵੀਂ ਦੇ ਗਹਿਣੇ ਨਹੀਂ ਖੋਂਹਦੇ।......ਇਹਨਾਂ ਕੁੱਤਿਆਂ ਵਿਚ ਵਿਭਚਾਰ ਕੋਈ ਨਹੀਂ। ਇਹਨਾਂ ਵਿਚ ਚੋਰ ਕੋਈ ਨਹੀਂ ਹੁੰਦਾ। ਇਹ ਹਰ ਔਰਤ ਨੂੰ, ਭਾਵੇਂ ਉਹ ਜਵਾਨ ਹੋਵੇ, ਭਾਵੇਂ ਵਡੇਰੀ ਉਮਰ ਦੀ, ਬੁੜ੍ਹੀ ਹੀ ਕਹਿੰਦੇ ਹਨ।"



www.AKJ.Org

ਕੀਰਤੀ ਸਥਾਪਿਤ ਕੀਤੀ। ਇਕ ਮਿਸਾਲ ਉੱਘੀ ਬਾਬਾ ਸਾਹਿਬ ਸਿੰਘ ਬੇਦੀ* ਦੀ ਹੈ, ਜਿਨ੍ਹਾਂ ਦੀ ਜ਼ਿੰਦਗੀ ਵਿਚੋਂ ਇਕ ਸਾਕਾ ਆਪ ਦੇ ਪੇਸ਼ ਕਰਦਾ ਹਾਂ।

ਫ਼ਰੱਖ-ਸਈਅਰ ਤੇ ਉਸ ਦੇ ਜਾਨਸ਼ੀਨਾਂ ਦੇ ਸ਼ਾਸਨ ਸਮੇਂ, ਜਦ ਸਰਕਾਰ ਸਿੱਖਾਂ ਦੀ ਜਾਨੀ ਦੁਸ਼ਮਨ ਬਣੀ ਹੋਈ ਸੀ, ਆਪ ਨੂੰ ਬਾਗੀ ਗਰਦਾਨਿਆ ਸੀ ਤੇ ਉਨ੍ਹਾਂ ਦੇ ਸਿਰ ਤੇ ਇਨਾਮ ਲਾਇਆ ਗਿਆ ਸੀ। ਬਾਬਾ ਜੀ ਕਾਹਨੂੰਵਾਨ ਦੇ ਜੰਗਲ ਵਿਚ ਇਕ ਕੁਟੀਆ ਵਿਚ ਰਹਿੰਦੇ ਸਨ, ਤੇ ਨਾਮ ਬਾਣੀ ਵਿਚ ਮਸਤ ਰਹਿ ਕੇ ਸਮਾਂ ਗੁਜ਼ਾਰਦੇ ਸਨ। ਦੀਨ ਮੁਹੰਮਦ, ਇਕ ਮੁਸਲਮਾਨ ਫ਼ੌਜਦਾਰ ਨੂੰ ਇਸ ਦੀ ਸੂਹ ਮਿਲ ਗਈ। ਉਸ ਨੇ ਉਹਨਾਂ ਦੀ ਤਲਾਸ਼ ਵਿਚ ਜੰਗਲ ਗਾਹੁਣਾ ਸ਼ੁਰੂ ਕਰ ਦਿਤਾ। ਕਈ ਦਿਨਾਂ ਮਗਰੋਂ ਇਕ ਦਿਨ ਉਸ ਦੀ ਨਜ਼ਰ ਬਾਬੇ ਉਤੇ ਜਾ ਪਈ, ਜੋ ਇਕ ਨਦੀ ਦੇ ਕੰਢੇ ਬੈਠੇ ਪਾਣੀ ਵਿਚੋਂ ਅੰਜਲੀ ਭਰ ਰਹੇ ਸਨ। ਫ਼ੌਜਦਾਰ ਮਾਰਨ ਲਈ ਅਗੇ ਵਧਿਆ ਤਾਂ ਕੀ ਵੇਖਦਾ ਹੈ, ਬਾਬੇ ਦੀ ਅੰਜਲੀ ਵਿਚ ਇਕ ਬਿੱਛੂ ਹੈ, ਜਿਸ ਨੂੰ ਉਹ ਪਾਣੀ ਵਿਚੋਂ ਬਾਹਰ ਕਢਣ ਦਾ ਜਤਨ ਕਰ ਰਹੇ ਹਨ। ਪਰ ਬਿੱਛੂ ਡੰਗ ਮਾਰ ਦੇਂਦਾ ਹੈ ਤੇ ਅੰਜਲੀ ਖੁਲ੍ਹ ਜਾਂਦੀ ਹੈ। ਉਹ ਫਿਰ ਪਾਣੀ ਵਿਚ ਡਿੱਗ ਪੈਂਦਾ ਹੈ। ਇਉਂ ਬਾਰ ਬਾਰ ਹੋਈ ਜਾਂਦਾ ਹੈ। ਇਹ ਵੇਖ ਕੇ ਦੀਨ ਮੁਹੰਮਦ ਨੂੰ ਮਾਰਨਾ ਤਾਂ ਭੁਲ ਗਿਆ। ਤੇ ਬੋਲਿਆ, "ਤੂੰ ਇਸ ਮੂਜ਼ੀ ਨੂੰ ਛਡ ਕਿਉਂ ਨਹੀਂ ਦੇਂਦਾ?" ਬਾਬਾ ਜੀ ਨੇ ਪਰਤ ਕੇ ਪਿਛਾਂਹ ਵੇਖਿਆ ਤੇ ਕਿਹਾ, "ਜੇ ਇਹ ਆਪਣੀ ਡੰਗ ਮਾਰਨੀ ਬਾਣ ਨਹੀਂ ਛੱਡਦਾ, ਤਾਂ ਮੈਂ ਪਰਉਪਕਾਰ ਦੀ ਬਾਣ ਕਿਉਂ ਛੱਡ ਦਿਆਂ?" ਦੀਨ ਮੁਹੰਮਦ ਬੜਾ ਪ੍ਰਭਾਵਿਤ ਹੋਇਆ ਤੇ ਆਖਣ ਲਗਾ, "ਆਇਆ ਤਾਂ ਮੈਂ ਤੈਨੂੰ ਮਾਰਨ ਸਾਂ, ਪਰ ਹੁਣ ਮਾਰਾਂਗਾ ਨਹੀਂ। ਤੂੰ ਚੁਪ-ਚਾਪ ਮੇਰੇ ਮਗਰੇ-ਮਗਰ ਤੁਰਿਆ ਚਲ, ਮੈਂ ਤੈਨੂੰ ਸਰਕਾਰੇ ਪੇਸ਼ ਕਰਨਾ ਹੈ।"

ਬਾਬਾ ਜੀ ਨਾਲ ਤੁਰ ਪਏ। ਤੁਰਦਿਆਂ ਤੁਰਦਿਆਂ ਤਰਕਾਲਾਂ ਪੈ ਗਈਆਂ। ਦੀਨ ਮੁਹੰਮਦ ਕਹਿਣ ਲਗਾ, "ਸ਼ਾਮ ਡੂੰਘੀ ਹੋ ਗਈ ਹੈ, ਕੋਈ ਸੁਥਰੀ ਥਾਂ ਵੇਖ ਕੇ ਰਾਤ ਕਟ ਲਈਏ।" ਬਾਬਾ ਜੀ ਕਹਿਣ ਲਗੇ, "ਮੇਰੀ ਕੁੱਲੀ ਏਥੋਂ ਬਹੁਤ ਦੂਰ ਨਹੀਂ। ਚਾਹੋ ਤਾਂ ਉਥੇ ਚਲੇ ਚਲੀਏ, ਰੋਟੀ-ਟੁਕ ਵੀ ਖਾ ਲਵਾਂਗੇ। ਦੀਨ-ਮੁਹੰਮਦ ਮੰਨ ਗਿਆ।

ਉਥੇ ਪਹੁੰਚੇ ਤਾਂ ਤੇਰ੍ਹਾਂ-ਚੌਦਾਂ ਵਰ੍ਹਿਆਂ ਦੀ ਗੁੰਗੀ ਲੜਕੀ ਨੇ ਉਹਨਾਂ ਦਾ ਸੁਆਗਤ ਕੀਤਾ। ਇਸ ਲੜਕੀ ਨੂੰ, ਨਿੱਕੀ ਹੁੰਦੀ ਨੂੰ ਉਸ ਦੇ ਮਾਪੇ, ਅਭਾਗਣ ਜਾਣ, ਜੰਗਲ ਵਿਚ ਛੋੜ ਗਏ ਸਨ ਤੇ ਇਸ ਨਿਆਸਰੀ ਨੂੰ ਬਾਬਾ ਜੀ ਨੇ ਤਰਸ ਖਾ ਕੇ ਪਾਲ ਲਿਆ।

ਜਦੋਂ ਉਹ ਝੁੱਗੀ ਅੰਦਰ ਹੱਥ-ਮੂੰਹ ਧੋ ਕੇ ਬੈਠ ਗਏ ਤਾਂ ਉਸ ਲੜਕੀ ਨੇ ਥਾਲ ਪਰੋਸ ਦਿਤੇ। ਉਸ ਕੋਲ ਕੇਵਲ ਅੰਬ ਦਾ ਆਚਾਰ ਤੇ ਚਾਰ ਰੋਟੀਆਂ ਸਨ—ਦੋ ਉਸ ਨੇ ਬਾਬੇ ਲਈ ਦੋ ਆਪਣੇ ਲਈ ਪਕਾਈਆਂ ਸਨ। ਉਹ ਚਾਰੇ ਲੈ ਆਈ। ਬਾਬਾ ਜੀ ਨੇ ਦੋ ਰੋਟੀਆਂ ਦੀਨ ਮੁਹੰਮਦ ਦੀ ਥਾਲੀ ਵਿਚ ਰਖ ਦਿਤੀਆਂ, ਇਕ ਆਪਣੇ ਅਗੇ ਰਖ ਲਈ ਤੇ ਇਕ ਲੜਕੀ ਅਗੇ। ਫਿਰ ਦੀਵਾ ਗੁੱਲ ਕਰ ਦਿਤਾ। ਦੀਨ ਮੁਹੰਮਦ ਘਬਰਾ ਗਿਆ। ਪਰ, ਬਾਬੇ ਨੇ ਕਿਹਾ, "ਦੀਵਾ ਤਾਂ ਬੁਝਾਇਆ ਹੈ ਕਿ ਭੰਬਟ ਨਾ ਆ ਜਾਣ।" ਦੀਨ-ਮੁਹੰਮਦ ਨੂੰ ਬੜੀ ਭੁੱਖ ਲਗੀ ਹੋਈ ਸੀ। ਉਸ ਦੋਵੇਂ ਰੋਟੀਆਂ ਮੁਕਾ ਲਈਆਂ। ਬਾਬਾ ਜੀ ਹਨੇਰੇ ਵਿਚ ਹੱਥ-ਮੂੰਹ ਹਿਲਾਈ ਗਏ, ਪਰ ਰੋਟੀ ਖਾਧੀ ਨਾ, ਸਗੋਂ ਅਛੋਪਲੇ ਜਿਹੇ ਦੀਨ ਮੁਹੰਮਦ ਦੀ ਥਾਲੀ ਵਿਚ ਹੀ ਰਖ ਦਿਤੀ। ਲੜਕੀ ਨੇ ਵੀ ਉਵੇਂ ਕੀਤਾ। ਦੀਨ ਮੁਹੰਮਦ ਚਾਰੋ ਰੋਟੀਆਂ ਖਾ ਕੇ ਰੱਜ ਗਿਆ, ਤੇ ਸੌਣ ਲਈ ਲੇਟ ਗਿਆ—ਇਹੋ ਸੋਚਦਾ ਕਿ ਬਾਬੇ ਨੇ ਦੀਵਾ ਗੁੱਲ ਕੀਤਾ ਸੀ। ਸੁੱਤਿਆਂ ਉਸ ਨੂੰ ਇਕ ਸੁਪਨਾ ਆਇਆ, ਜਿਸ ਵਿਚ ਰਾਤ ਵਾਂਗ ਉਹ ਖਾਣੇ ਤੇ ਬੈਠਾ ਸੀ, ਤੇ ਦੀਵਾ ਗੁੱਲ ਕਰਨ ਮਗਰੋਂ ਬਾਬੇ ਨੇ ਵੀ ਤੇ ਉਸ ਲੜਕੀ ਨੇ ਵੀ ਹਨੇਰੇ ਵਿਚ ਆਪਣੀਆਂ ਰੋਟੀਆਂ ਉਸ ਦੀ ਥਾਲੀ ਵਿਚ ਰਖ ਦਿਤੀਆਂ, ਤੇ ਆਪ ਝੂਠੀ-ਮੂਠੀ ਰੋਟੀ ਖਾਂਦੇ ਰਹੇ।

ਤੜਕੇ ਉਠ ਕੇ ਉਸ ਨੇ ਬਾਬਾ ਜੀ ਪਾਸੋਂ ਇਹ ਕਹਿੰਦਿਆਂ ਵਿਦਾਇਗੀ ਮੰਗੀ, "ਗੁਰੂ ਦੇ ਸਿੱਖਾ, ਤੈਨੂੰ ਕੋਈ

---

*ਬਾਬਾ ਸਾਹਿਬ ਸਿੰਘ ਬੇਦੀ ਦੀ ਪੰਥ ਵਿਚ ਇਤਨੀ ਇੱਜ਼ਤ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਰਾਜ-ਤਿਲਕ ਲਗਾਉਣ ਲਈ ਆਪ ਨੂੰ ਚੁਣਿਆ ਗਿਆ।



www.AKJ.Org

ਨਹੀਂ ਮਾਰ ਸਕਦਾ।" ਵਿਛੜਨ ਲਗਿਆਂ ਉਸ ਦੀਆਂ ਅੱਖਾਂ ਵਿਚ ਹੰਝੂ ਸਨ।

ਦੀਨ ਮੁਹੰਮਦ ਅਜੇ ਕੁਝ ਕਦਮ ਹੀ ਗਿਆ ਸੀ ਕਿ ਉਸ ਵੇਖਿਆ, ਦੋ ਬਦਮਾਸ਼ ਉਸ ਗੂੰਗੀ-ਬੋਲੀ ਕੁੜੀ ਨੂੰ ਜ਼ਬਰਦਸਤੀ ਧੂਹ ਕੇ ਲਾਗੇ ਖਲੋਤੇ ਊਠ ਵਲ ਖਿੱਚੀ ਲਿਜਾ ਰਹੇ ਹਨ। ਦੀਨ ਮੁਹੰਮਦ ਉਸ ਨੂੰ ਛੁਡਾਣ ਲਈ ਅਗੇ ਵਧਿਆ, ਪਰ ਬਦਮਾਸ਼ਾਂ ਨੇ ਉਸ ਨੂੰ ਢਾਹ ਲਿਆ। ਸ਼ੋਰ ਸੁਣ ਕੇ ਬਾਬਾ ਜੀ ਵੀ ਆਣ ਪਹੁੰਚੇ। ਉਹਨਾਂ ਨੂੰ ਵੇਖ, ਇਕ ਬਦਮਾਸ਼ ਤਾਂ ਨੱਠ ਗਿਆ, ਦੂਜੇ ਨੂੰ ਬਾਬਾ ਜੀ ਨੇ ਕਾਬੂ ਕਰ ਲਿਆ ਤੇ ਉਸ ਦੀ ਛਾਤੀ ਉਪਰ ਚੜ੍ਹ ਕੇ ਬੈਠ ਗਏ। ਤਦ ਬਦਮਾਸ਼ ਨੇ ਬਾਬੇ ਦੇ ਮੂੰਹ ਤੇ ਥੁਕ ਦਿਤਾ ਤੇ ਗਾਲ੍ਹ ਕਢ ਕੇ ਆਖਿਆ, "ਹੁਣ ਜੋ ਜੀ ਆਏ ਕਰ ਲੈ।"

ਬਾਬਾ ਜੀ ਇਕਦਮ ਉਠ ਖਲੋਤੇ ਤੇ ਕਹਿਣ ਲਗੇ, "ਤੂੰ ਇਕ ਮਸੂਮ ਲੜਕੀ ਤੇ ਉਸ ਦੇ ਬਚਾਉਣ ਵਾਲੇ ਨੂੰ ਜ਼ਖਮੀ ਕੀਤਾ ਹੈ। ਤੇਰੀ ਸਜ਼ਾ ਤਾਂ ਮੌਤ ਸੀ, ਪਰ ਹੁਣ ਤੂੰ ਮੇਰੀ ਬੇਇੱਜ਼ਤੀ ਕੀਤੀ ਹੈ। ਜੇਕਰ ਹੁਣ ਮੈਂ ਤੈਨੂੰ ਮਾਰਿਆ ਤਾਂ ਸਮਝਿਆ ਜਾਵੇਗਾ ਕਿ ਮੈਂ ਆਪਣੇ ਨਿਰਾਦਰ ਦੇ ਕ੍ਰੋਧ ਵਿਚ ਆ ਕੇ ਤੈਨੂੰ ਮਾਰ ਦਿਤਾ ਹੈ। ਮੈਂ ਤੈਨੂੰ ਹੋਰ ਕੁਝ ਨਹੀਂ ਕਹਾਂਗਾ, ਦੀਨ ਮੁਹੰਮਦ ਆਪੇ ਤੇਰੇ ਨਾਲ ਲੇਖਾ ਕਰ ਲਏਗਾ।*

ਇਸ ਘਟਨਾ ਤੋਂ ਪ੍ਰਤੱਖ ਹੈ ਕਿ ਬਾਬਾ ਹੱਦ ਦਰਜੇ ਦਾ ਪਰਉਪਕਾਰੀ ਸੀ। ਉਸ ਦੇ ਮਨ ਵਿਚ ਵੈਰ-ਵਿਰੋਧ ਕੋਈ ਨਹੀਂ ਸੀ, ਭੈ ਕੋਈ ਨਹੀਂ ਸੀ, ਕ੍ਰੋਧ ਕੋਈ ਨਹੀਂ ਸੀ, ਅਥਿਤੀ ਦਾ ਬੇਹੱਦ ਆਦਰ ਸੀ। ਬੁਲ੍ਹੇ ਸ਼ਾਹ ਤਾਂ ਕਹਿੰਦਾ ਸੀ :— ਮਿੱਤਰਾਂ ਦੀ ਮਿਜ਼ਮਾਨੀ ਖ਼ਾਤਰ ਦਿਲ ਦਾ ਲਹੂ ਛਾਣੀਦਾ।

ਪਰ ਬਾਬਾ ਤਾਂ ਵੈਰੀਆਂ ਦੀ ਮਿਜ਼ਮਾਨੀ ਖ਼ਾਤਰ ਵੀ ਦਿਲ ਦਾ ਲਹੂ ਛਾਣਦਾ ਸੀ। ਆਚਰਣਕ ਉੱਚਤਾ ਦੀ ਇਹ, ਕਈ ਮਿਸਾਲਾਂ ਵਿਚੋਂ ਇਕ ਮਿਸਾਲ ਹੈ ਜਿਨ੍ਹਾਂ ਆਸਰੇ ਖ਼ਾਲਸੇ ਦਾ ਬਿਰਦ ਸਥਾਪਿਤ ਹੋਇਆ ਸੀ।

ਆਓ, ਅਜ ਆਪਣੇ ਆਪ ਨੂੰ ਪੁਛੀਏ, ਕੀ ਅਸੀਂ ਵੀ ਐਸੇ ਆਚਰਣ ਦੇ ਮਾਲਕ ਹਾਂ ? ਜੇਕਰ ਉੱਤਰ "ਹਾਂ" ਵਿਚ ਮਿਲੇ ਤਾਂ ਜਾਣ ਲਉ ਸਾਡੇ ਵਕਾਰ ਨੂੰ ਕੋਈ ਧੱਕਾ ਨਹੀਂ ਲੱਗਾ। ਪਰ, ਜੇ ਅਸੀਂ ਨਿਰੁੱਤਰ ਹੋ ਗਏ ਹਾਂ, ਜੇ ਸਾਡੀਆਂ ਅੱਖਾਂ ਸ਼ਰਮ ਨਾਲ ਝੁਕ ਗਈਆਂ ਹਨ ਤਾਂ ਸਾਡੇ ਵਕਾਰ ਨੂੰ ਅਵੱਸ਼ ਧੱਕਾ ਲਗਾ ਹੈ। ਜੇਕਰ ਅਸੀਂ ਇਸ ਪ੍ਰਸ਼ਨ ਦਾ ਉਤਰ "ਨਹੀਂ" ਵਿਚ ਦੇਣੋਂ ਵੀ ਸੰਗ ਰਹੇ ਹਾਂ ਤਾਂ ਸਮਝੋ, ਅਸੀਂ ਸੱਚ ਦੀ ਅੱਖ ਵਿਚ ਝਾਕਣ ਤੋਂ ਡਰਦੇ ਹਾਂ। ਪਰ ਸੱਚ ਦੀ ਅੱਖ ਵਿਚ ਝਾਕੇ ਬਿਨਾਂ ਇਸ ਦਰਦਨਾਕ ਅਵੱਸਥਾ ਦਾ ਹੱਲ ਕਿਵੇਂ ਲਭ ਸਕਦਾ ਹੈ ?

ਅਸੀਂ ਤਾਂ ਐਵੇਂ ਫੋਕੀਆਂ ਫੜਾਂ ਮਾਰਦੇ ਫਿਰਦੇ ਹਾਂ। ਪਿਛਲੇ ਦੋ ਦਹਾਕਿਆਂ ਦਾ ਅਕਾਲੀ ਇਤਿਹਾਸ ਵੇਖੋ। ਸਿਵਾਏ ਧਮਕੀਆਂ ਦੇਣ ਦੇ ਅਸਾਂ ਕੀਤਾ ਕੀ ਹੈ ? ਤੇ ਧਮਕੀਆਂ ਕਿਹੜੇ ਬਲ ਬੋਤੇ ਤੇ ? ਅੰਦਰੋਂ ਖੋਖਲੇ ਹੋਏ ਪਏ ਸਾਂ। ਸਾਡੇ ਵਿਚੋਂ ਹਰਿਕ ਵਿਕਾਊ-ਮਾਲ ਬਣਿਆ ਖਲੋਤਾ ਸੀ। ਪੰਥ ਦੀਆਂ ਜੜ੍ਹਾਂ ਭਾਵੇਂ ਦੇਸ਼ਾਂ-ਪ੍ਰਦੇਸ਼ਾਂ ਵਿਚ ਲਗ ਗਈਆਂ ਹਨ, ਪਰ ਅਕਾਲੀ ਨੇਤਾ ਪੰਜਾਬ ਦੀ ਚੀਫ ਮਨਿਸਟਰੀ ਤੋਂ ਅਗੇ ਕੁਝ ਦੂਰ ਸੋਚਣ ਦੀ ਸਮਰੱਥਾ ਨਹੀਂ ਰਖਦੇ। ਮੈਨੂੰ ਇਕ ਅਕਾਲੀ ਨੇਤਾ ਬਾਰੇ ਕਿਸੇ ਨੇ ਦਸਿਆ ਕਿ ਉਹ ਕੇਂਦਰ ਦੇ ਇਕ ਰਾਜ-ਮੰਤਰੀ ਨੂੰ ਕਹਿਣ ਲਗੇ, "ਭਾ ਜੀ, ਤੁਸੀਂ ਸਾਨੂੰ ਮੁਖ ਮੰਤਰੀ ਬਣਵਾ ਦਿਉ, ਫਿਰ ਜਿਸ ਥਾਂ ਕਹੋਗੇ ਦਸਖ਼ਤ ਕਰ ਦਿਆਂਗੇ।" ਅਜ ਅਸੀਂ ਕੁਰਸੀ ਦੇ ਭੁਖੇ ਹਾਂ। ਕੁਰਸੀ ਖ਼ਾਤਰ ਸਾਡੇ ਇਕ ਮੁਖ ਮੰਤਰੀ ਨੇ ਚੰਡੀਗੜ੍ਹ ਛਡਣਾ ਮਨਜ਼ੂਰ ਕਰ ਲਿਆ। ਪਿਛੋਂ ਕੁਰਸੀ ਵੀ ਨਾ ਰਹੀ। ਹਰ-ਦੋ-ਲਾਹਨਤ ਵਾਲੀ ਗੱਲ ਹੋ ਗਈ। ਕੁਰਸੀ ਦੀ ਭੁਖ ਨੇ ਸਾਨੂੰ ਭੁਲਾ ਦਿਤਾ ਹੈ ਕਿ ਅਸੀਂ ਉਹਨਾਂ ਦੀ ਸੰਤਾਨ ਹਾਂ ਜਿਨ੍ਹਾਂ ਨਵਾਬੀਆਂ ਨੂੰ ਜੁੱਤੀ ਦੀ ਨੋਕ ਤੇ ਰਖਿਆ ਸੀ।

ਅਜ ਅਸੀਂ ਕਾਂਗਰਸ ਪਾਰਟੀ ਉਤੇ ਭ੍ਰਿਸ਼ਟਾਚਾਰ ਦਾ ਆਰੋਪ ਲਗਾਉਂਦੇ ਹਾਂ, ਲਾਉਣਾ ਵੀ ਚਾਹੀਦਾ ਹੈ। ਪਰ ਮੈਂ ਪੁਛਣਾ ਚਾਹੁੰਦਾ ਹਾਂ, ਕੀ ਅਕਾਲੀ ਸਰਕਾਰਾਂ ਅਜਿਹੇ ਆਰੋਪ ਤੋਂ ਬਰੀ ਸਨ ?

ਅਜ ਅਸੀਂ ਕ੍ਰੋਧ ਨਾਲ ਹੁਰਲ ਹੁਰਲ ਕਰਦੇ ਫਿਰਦੇ ਹਾਂ। ਕਹਿੰਦੇ ਹਾਂ ਕਿ ਕੌਮ ਦਾ ਵਕਾਰ ਜ਼ਖਮੀ ਹੈ।

* ਇਹ ਵਾਰਤਾ ਬਟਾਲੇ ਦੇ ਇਲਾਕੇ ਵਿਚ "ਬਾਬਾ ਸਾਹਿਬ ਸਿੰਘ, ਦੀਨ ਮੁਹੰਮਦ ਤੇ ਨੂਰੇ ਦੀ ਵਾਰ" ਕਰਕੇ ਗਾਈ ਜਾਂਦੀ ਰਹੀ ਹੈ।



www.AKJ.Org

# ਪੰਥਕ ਏਕਤਾ

[ਸ: ਰਜਿੰਦਰ ਸਿੰਘ ਐਮ.ਏ., ਸਨਫਰਾਂਸਿਸਕੋ, ਅਮਰੀਕਾ]

ਪੰਥ ਵਿਚ ਜਦੋਂ ਵੀ ਏਕਤਾ ਹੋਈ 'ਇਕ' ਦੇ ਲੜ ਲੱਗਣ ਨਾਲ ਹੀ ਹੋਏਗੀ, ਵਰਨਾ ਪੰਥ ਵਿਚੋਂ ਫੁੱਟ ਦੂਰ ਨਹੀਂ ਹੋ ਸਕਦੀ। ਨਾਮ ਦੀਆਂ ਅਤੁੱਟ ਕਮਾਈਆਂ ਕਰਨ ਵਾਲੇ ਸਿੰਘਾਂ ਵਿਚ ਸਦਾ ਹੀ ਏਕਤਾ ਹੁੰਦੀ ਹੈ, ਫੁੱਟ ਕਦੇ ਪੈਂਦੀ ਹੀ ਨਹੀਂ। ਜੇ ਪੰਥ ਵਿਚ ਫੁੱਟ ਹੈ, ਬੇ-ਇਤਫ਼ਾਕੀ ਹੈ ਤਾਂ ਰਹਿਤ ਬਹਿਤ ਵਿਚ ਢਿੱਲੇ, ਪਤਿਤ, ਨਾਮ ਤੋਂ ਹੀਣੇ ਅਤੇ ਅਖੌਤੀ ਸਿੰਘਾਂ ਕਰਕੇ ਹੀ ਹੈ। ਅੰਮ੍ਰਿਧਾਰੀ, ਨਾਮ ਜਪਣ ਵਾਲੇ ਸਿੰਘ ਸਿੰਘਣੀਆਂ ਤਾਂ ਇਕ ਦੂਜੇ ਨੂੰ ਆਪਣੇ ਸਕੇ ਭੈਣ ਭਾਈ, ਮਾਂ ਬਾਪ ਨਾਲੋਂ ਵੀ ਵੱਧ ਪਿਆਰ ਅਤੇ ਸਤਿਕਾਰ ਕਰਦੇ ਨੇ :–

ਗੁਰਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥੧੪॥ (ਪੰਨਾ ੬੪੮)

ਇਕ ਅਕਾਲ ਪੁਰਖ ਦਾ ਲੜ ਫੜਨ ਨਾਲ, ਨਾਮ ਅਭਿਆਸ ਕਰਨ ਨਾਲ ਜਦੋਂ ਅਗਿਆਨਤਾ ਦੀ ਨੀਂਦ ਵਿਚ ਸੁੱਤੀ ਹੋਈ ਆਤਮਾ ਜਾਗ ਪੈਂਦੀ ਹੈ, ਸਰੀਰ ਦੇ ਅੰਦਰ ਆਤਮਕ ਸ਼ਕਤੀ ਦਾ ਅਨੁਭਵ ਹੁੰਦਾ ਹੈ, ਮੈਂ ਸਰੀਰ ਨਹੀਂ, ਮੈਂ ਆਤਮਾ ਹਾਂ ਜੋ ਸਰੀਰ ਰੂਪੀ ਘੋੜੇ ਦਾ ਸਵਾਰ ਹੈ, ਇਹ ਮਹਿਸੂਸ ਹੁੰਦਾ ਹੈ, ਅੰਦਰਲਾ ਕੌਲ ਫੁੱਲ ਖਿੜ ਜਾਂਦਾ ਹੈ, ਆਪੇ ਵਿਚੋਂ ਰਸ, ਅਨੰਦ ਅਤੇ ਸੁਆਦ ਆਉਣ ਲੱਗ ਪੈਂਦਾ ਹੈ, ਗੁਰਸਿੱਖ ਆਪਣਾ ਹੀ ਰੂਪ ਨਜ਼ਰ ਆਉਂਦੇ ਹਨ, ਸਿੰਘਾਂ ਵਿਚ ਵੀ ਓਹੀ ਆਤਮਾ ਹੈ ਜੋ ਮੇਰੇ ਵਿਚ ਹੈ, ਇਹ ਮਹਿਸੂਸ ਹੋਵੇ, ਸਾਰੇ ਹੀ ਗੁਰ-ਭਾਈ ਹਾਂ, ਇਸ ਗੱਲ ਦਾ ਅਹਿਸਾਸ ਹੋਵੇ, ਇਕੋ ਗੁਰੂ, ਇਕੋ ਸ਼ਬਦ, ਇਕੋ ਵੀਚਾਰ ਹੋਵੇ ਤਾਂ ਏਕਤਾ ਹੀ ਏਕਤਾ ਹੈ, ਫੁੱਟ ਨੇੜੇ ਆ ਹੀ ਨਹੀਂ ਸਕਦੀ।

ਪੰਥਕ ਏਕਤਾ ਦੀ ਵੈਸੇ ਤਾਂ ਸਦਾ ਹੀ ਲੋੜ ਹੁੰਦੀ ਹੈ, ਪਰ ਅੱਜ ਦੇ ਨਾਜ਼ਕ ਸਮੇਂ, ਜਦੋਂ ਪੰਥ ਉਤੇ ਬਾਹਰੋਂ ਅਤੇ ਅੰਦਰੋਂ ਹਮਲੇ ਹੋ ਰਹੇ ਹਨ, ਇਹ ਲੋੜ ਕੁਝ ਵਧੇਰੇ ਹੀ ਮਹਿਸੂਸ ਹੋ ਰਹੀ ਹੈ।

ਆਓ ! 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ' ਦੇ ਅਸੂਲਾਂ ਤੇ ਪਹਿਰਾ ਦਿੰਦੇ ਹੋਏ, ਨਾਮ-ਅਭਿਆਸ, ਗੁਰਬਾਣੀ-ਅਭਿਆਸ, ਅਖੰਡ ਕੀਰਤਨ ਆਦਿ ਦੇ ਲਾਹੇ ਲੈਂਦੇ ਹੋਏ ਪੰਥਕ ਏਕਤਾ ਵਾਸਤੇ ਅਰਦਾਸ ਕਰੀਏ, ਸੱਚੇ-ਪਾਤਸ਼ਾਹ, ਜਗਤ-ਗੁਰ-ਬਾਬਾ, ਕਲਗੀਧਰ ਪਿਤਾ, ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ, ਤਾਂ ਕਿ ਨਾਮ ਦਾ ਐਸਾ ਖੰਡਾ ਖੜਕਾਈਏ, ਜਿਸ ਸਦਕਾ ਪੰਥ ਵਿਚੋਂ ਫੁੱਟ, ਬੇਇਤਫ਼ਾਕੀ, ਗੁੱਸਾ-ਗਿਲਾ ਆਦਿ ਖੰਭ ਲਾ ਕੇ ਉੱਡ ਜਾਣ ਅਤੇ ਪੰਥ ਵਿਚ ਏਕਤਾ, ਪਿਆਰ, ਮਿਲਵਰਤਣ ਆਦਿ ਦੈਵੀ ਗੁਣਾਂ ਦਾ ਚਸ਼ਮਾ ਫੁੱਟ ਪਵੇ।

---

✿ਅਤਿ ਘਿਨਾਉਣੇ ਜ਼ੁਲਮਾਂ ਦਾ ਅਸੀਂ ਸ਼ਿਕਾਰ ਹੋਏ ਹੋਏ ਹਾਂ। ਬਦਲਾ ਲੈਣ ਲਈ ਉਬਲਦੇ ਪਏ ਹਾਂ, ਪਰ ਮੈਂ ਪੁਛਣਾ ਚਾਹੁੰਦਾ ਹਾਂ, ਜੇਕਰ ਜ਼ਾਲਮ ਤੇ ਜ਼ੋਰ ਨਾ ਚਲੇ ਤਾਂ ਬੇਗੁਨਾਹਾਂ ਦਾ ਖ਼ੂਨ ਕਰਨਾ ਕਿਵੇਂ ਜਾਇਜ਼ ਹੈ ? ਸੱਚ ਮੰਨੋ, ਜਦੋਂ ਵੀ ਕਿਸੇ ਬੇਗੁਨਾਹ ਦਾ ਖ਼ੂਨ ਹੁੰਦਾ ਹੈ, ਮੇਰੇ ਧੁਰ ਅੰਦਰੋਂ ਦਰਦ ਜਾਗਦਾ ਹੈ। ਜੇ ਸਾਡੇ ਪਰਿਵਾਰ ਚੋਂ ਕਿਸੇ ਨੂੰ ਕੋਈ ਮਾਰ ਜਾਵੇ ਤਾਂ ਅਸੀਂ ਤੜਪ ਉਠਦੇ ਹਾਂ। ਪਰ ਜੇ ਅਸੀਂ ਕਿਸੇ ਦੇ ਪ੍ਰਵਾਰ 'ਚੋਂ ਕਿਸੇ ਨੂੰ ਮਾਰ ਆਉਂਦੇ ਹਾਂ ਤਾਂ ਅਸੀਂ ਹੋਰਾਂ ਤੋਂ ਵਖਰੇ ਕਿਵੇਂ ਹੋਏ ? ਸਾਡੇ ਲਈ ਬਾਬੇ ਸਾਹਿਬ ਸਿੰਘ ਦੀ ਮਿਸਾਲ ਤੋਂ ਸਬਕ ਲੈਣਾ ਬਣਦਾ ਹੈ। ਅਸੀਂ ਆਪਣੇ ਕ੍ਰੋਧ ਉਪਰ ਸਵਾਰ ਹੋਈਏ, ਕ੍ਰੋਧ ਸਾਡੇ ਉਪਰ ਸਵਾਰ ਨਾ ਹੋਵੇ। ਅਤਿ ਦੇ ਦੁਖ ਵੇਲੇ ਵੀ ਆਚਰਣਹੀਣਤਾ ਸਾਡੇ ਨੇੜੇ ਨਾ ਲਗੇ। ਅਜ ਸਭ ਤੋਂ ਵੱਧ ਸਾਧ-ਬਿਰਤੀ ਦੀ ਲੋੜ ਹੈ। ਭਾਈ ਗੁਰਦਾਸ ਜੀ ਦੇ ਇਹ ਬਚਨ ਯਾਦ ਆਉਂਦੇ ਹਨ :–

ਥੰਮੇ ਕੋਇ ਨ ਸਾਧ ਬਿਨ, ਸਾਧੁ ਨ ਦਿਸੈ ਜਗ ਵਿਚ ਕੋਆ ॥ (ਵਾਰ ੧, ਪੰਨਾ ੨੨)

[ਚਲਦਾ]



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰਾ ਹਜ਼ੂਰ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਦੇਸ਼ਾਂ ਪਰਦੇਸ਼ਾਂ ਵਿਚ ਗੁਰ-ਅਸਥਾਨਾਂ ਦੀਆਂ ਪ੍ਰਬੰਧਕ ਕਮੇਟੀਆਂ ਦੀਆਂ, ਅਹੁਦਿਆਂ ਦੀ ਵੰਡ ਅਤੇ ਹੋਰ ਕਈ ਤਰ੍ਹਾਂ ਦੇ ਫ਼ੈਸਲੇ ਲੈਣ ਬਾਰੇ ਮੀਟਿੰਗਾਂ ਹੁੰਦੀਆਂ ਰਹਿੰਦੀਆਂ ਹਨ। ਪਰ ਬਹੁਤੀ ਥਾਈਂ ਨਿਜੀ ਖ਼ੁਦਗਰਜ਼ੀਆਂ, ਘਪਲੇਬਾਜ਼ੀਆਂ ਅਤੇ ਚੌਧਰਾਂ ਦੀ ਪ੍ਰਾਪਤੀ ਲਈ ਆਪੋ ਵਿਚ ਤੂੰ ਤੂੰ ਮੈਂ ਮੈਂ ਇਥੋਂ ਤਕ ਵਧ ਜਾਂਦੀ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਦਾ ਸਤਿਕਾਰ ਬਿਲਕੁਲ ਭੁਲ ਜਾਂਦਾ ਹੈ। ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਹੀ ਘਸੁੰਨ-ਮੁੱਕੀ ਸ਼ੁਰੂ ਹੋ ਕੇ ਆਪੋ ਵਿਚ ਗੁਥਮ-ਗੁੱਥਾ ਹੋ ਜਾਣ ਦੀਆਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ। ਨਾਮ-ਬਾਣੀ ਤੋਂ ਘੁਥੇ ਹੋਏ, ਅਸੀਂ ਮਾਇਕ ਪ੍ਰਭਾਵ ਵਿਚ ਬਉਰੇ ਹੋਏ ਸਤਿਗੁਰੂ ਦੀ ਹਜ਼ੂਰੀ ਭੁਲ ਜਾਂਦੇ ਹਾਂ। ਜੇ ਸਤਿਗੁਰੂ ਨੂੰ ਹਾਜ਼ਰਾ ਹਜ਼ੂਰ ਸਮਝਦੇ ਹੋਈਏ ਤਾਂ ਸਤਿਗੁਰੂ ਸੱਚੇ ਪਾਤਸ਼ਾਹ ਦੀ ਤਾਬਿਆ ਵਿਚ ਬੈਠ ਕੇ ਐਸੀਆਂ ਘ੍ਰਿਣਤ ਕਰਤੂਤਾਂ ਕਿਉਂ ਕਰੀਏ ?

੨੮ ਮਾਰਚ ੧੯੯੦ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਬਜਟ-ਇਜਲਾਸ ਸਮੇਂ ਮੈਂਬਰ ਸਾਹਿਬਾਨ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪਰਸਪਰ ਤਕਰਾਰ, ਸਮੁੱਚੀ ਸਿਖ ਕੌਮ ਲਈ ਮੰਦ-ਭਾਗੀ ਸੀ। ਇਹ ਘਟਨਾ ਇਕ ਪਾਸੇ ਇਸ ਕੌਮ ਦੀ ਪ੍ਰਤੀਨਿਧ ਧਾਰਮਿਕ ਸੰਸਥਾ ਵਿਚਲੀ ਪਰਸਪਰ ਫੁੱਟ ਤੇ ਨਿਘਰਦੀ ਦਸ਼ਾ ਦੀ ਸੂਚਕ ਸੀ ਅਤੇ ਦੂਜੇ ਪਾਸੇ ਇਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ ਹੋਈ। ਅਫਸੋਸ ਦੀ ਗੱਲ ਹੈ ਕਿ ਉਹ ਬੇ-ਅਦਬੀ ਓਸ ਸੰਸਥਾ ਦੇ ਆਪਣੇ ਮੈਂਬਰਾਂ ਵਲੋਂ ਹੋਈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਦੀ ਪ੍ਰਮੁੱਖ ਦਾਅਵੇਦਾਰ ਹੈ।

ਇਸ ਘਟਨਾ ਮਗਰੋਂ ਜੋ ਵਾਦ-ਵਿਵਾਦ ਅਖ਼ਬਾਰਾਂ ਵਿਚ ਛਿੜਿਆ ਉਹ ਸਮੁੱਚੀ ਕੌਮ ਲਈ ਬਹੁਤ ਹਾਨੀਕਾਰਕ ਸੀ, ਖ਼ਾਸ ਕਰਕੇ ਇਸ ਨਾਜ਼ਕ ਸਮੇਂ ਜਦ ਕਿ ਕੌਮ, ਲੀਡਰਾਂ ਦੀ ਆਪਸੀ ਫੁੱਟ ਅਤੇ ਸਰਕਾਰੀ ਜ਼ੁਲਮ ਜਬਰ ਕਾਰਨ ਅੱਗੇ ਹੀ ਚਿਰਾਂ ਤੋਂ ਸੰਤਾਪ ਹੰਢਾ ਰਹੀ ਹੈ।

ਇਸ ਨਾਜ਼ਕ ਸਥਿਤੀ ਵਿਚ ਇਸ ਵਾਦ-ਗ੍ਰਸਤ ਮਸਲੇ ਨੂੰ ਸਿੰਘ ਸਾਹਿਬਾਨ ਨੇ ਸਤਿਗੁਰਾਂ ਦੀ ਕਿਰਪਾ ਦੁਆਰਾ ਸਿਆਣਪ ਅਤੇ ਸੂਝ ਬੂਝ ਨਾਲ ਸੁਲਝਾਇਆ ਹੈ। ਜੋ ਪੰਥਕ ਨਿਰਣਾ ਸਿੰਘ ਸਾਹਿਬਾਨ ਨੇ ਕੀਤਾ, ਉਹ ਹੂ-ਬ-ਹੂ ਥਲੇ ਦਿਤਾ ਜਾਂਦਾ ਹੈ। —ਸੰਪਾਦਕ

ਸਮੁੱਚਾ ਸਿੱਖ ਜਗਤ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਨ, ਬਚਨ, ਕ੍ਰਮ ਕਰਕੇ ਆਪਣਾ ਸਤਿਗੁਰੂ ਮੰਨਦਾ ਹੋਇਆ, ਉਹਨਾਂ ਦੇ ਹਰ ਪਖੋਂ ਅਦਬ ਸਤਿਕਾਰ ਲਈ ਪਾਬੰਦ ਹੈ। ਗੁਰਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਦੀ ਜਾਚ ਸ੍ਰੀ ਗੁਰੂ ਅਰਜਨ ਦੇਵ ਜੀ ਨੇਂ ਆਪ ਪੂਰਨੇ ਪਾ ਕੇ ਸਿੱਖ ਸੰਗਤਾਂ ਨੂੰ ਸਿਖ਼ਾਈ ਹੈ। ਇਸੇ ਲਈ ਇਹਨਾਂ ਸਤਿਗੁਰੂ ਸਾਹਿਬ ਦਾ ਕਿਸੇ ਵੀ ਪਖੋਂ, ਕਿਸੇ ਵੀ ਸਮੇਂ ਜਾਂ ਸਥਾਨ ਅਤੇ ਕਿਸੇ ਵਲੋਂ ਵੀ ਕੀਤਾ ਨਿਰਾਦਰ, ਹਰ ਗੁਰਸਿਖ ਦੇ ਹਿਰਦੇ ਨੂੰ ਵਿਆਕੁਲ ਕਰਦਾ ਹੈ।

੨੮ ਮਾਰਚ, ੧੯੯੦ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਜਟ ਇਜਲਾਸ ਸਮੇਂ ਜਿਹੜੀ ਮੰਦ-ਭਾਗੀ ਘਟਨਾ ਵਾਪਰੀ, ਜਿਸ਼ ਵਿਚ ਗੁਰੂ ਮਹਾਰਾਜ ਦੇ ਅਦਬ ਸਤਿਕਾਰ, ਗੁਰਮਤਿ ਸਿਧਾਂਤਾਂ ਅਤੇ ਪੰਥਕ ਮਾਣ ਮਰਯਾਦਾ ਦੀ ਉਲੰਘਣਾ ਹੋਈ, ਉਹ ਹਰ ਗੁਰਸਿਖ ਲਈ ਦੁਖਦਾਈ ਹੈ। ਇਸ ਘਟਨਾ ਦਾ ਅਰੰਭ ਸ: ਹਰਤਰਨ ਸਿੰਘ ਦਿਲੀ, ਸ: ਓਅੰਕਾਰ ਸਿੰਘ ਮਤੇਨੰਗਲ, ਸ: ਸਤਿਨਾਮ ਸਿੰਘ ਵਲੋਂ ਵਿਸ਼ੇਸ਼ ਤੌਰ ਤੇ, ਅਤੇ ਕੁਝ ਹੋਰ ਮੈਂਬਰਾਂ ਵਲੋਂ ਵੀ ਇਕ ਦੂਜੇ ਲਈ ਤਲਖ਼ੀ ਵਿਚ ਵਰਤੇ ਗਏ ਅਪ-ਸ਼ਬਦਾਂ ਤੋਂ ਹੋਇਆ। ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਹੋਰਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਰ ਮੈਂਬਰ ਸਾਹਿਬਾਨ ਦੇ ਪਰਸਪਰ ਤਕਰਾਰ ਨਾਲ ਸਤਿਗੁਰਾਂ ਦੀ ਹੋਈ ਬੇ-ਅਦਬੀ ਦਾ ਗੰਭੀਰ ਨੋਟਿਸ ਲੈਂਦਿਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਖਆਸਣ ਕਰਨ ਲਈ ਕਹਿ ਦਿਤਾ ਗਿਆ। ਇਸ ਨਾਜ਼ਕ ਮੌਕੇ ਨੂੰ ਸੰਭਾਲਣ ਲਈ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ



www.AKJ.Org

ਸ਼ਰਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਬਦਅਮਨੀ ਦੀ ਸਾਰੀਆਂ ਧਿਰਾਂ ਤੋਂ ਮੁਆਫ਼ੀ ਮੰਗੀ। ਉਪ੍ਰੰਤ ਅਰਦਾਸ ਕਰ ਦਿਤੀ ਗਈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸਾਰਿਆਂ ਵਲੋਂ ਅਵੱਗਿਆ ਦੀ ਸਮੁੱਚੇ ਤੌਰ ਤੇ ਖਿਮਾ ਦੀ ਜਾਚਨਾ ਕੀਤੀ ਗਈ। ਇਸ ਘਟਨਾ ਵਿਚੋਂ ਪੈਦਾ ਹੋਇਆ ਪੰਥਕ ਸੰਕਟ ਸੰਬੰਧੀ ਵਾਦ ਵਿਵਾਦ, ਕਿਸੇ ਤਰ੍ਹਾਂ ਵੀ ਕੌਮ ਦੇ ਹਿੱਤ ਵਿਚ ਨਹੀਂ।

ਸੋ ਇਸ ਪੰਥਕ ਸੰਕਟ ਨੂੰ ਗੁਰਮਤਿ ਸਿਧਾਂਤ ਦੀ ਰੋਸ਼ਨੀ ਵਿਚ ਨਜਿੱਠਣ ਲਈ ਪੰਜ ਸਿੰਘ ਸਾਹਿਬਾਨ ਨੇ ਸਰਬ ਸੰਮਤੀ ਨਾਲ ਹੇਠ ਲਿਖਿਆ ਫੈਸਲਾ ਕੀਤਾ ਹੈ :–

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਅਤੇ ਗੁਰਮਤਿ ਮਰਯਾਦਾ ਦੀ ਹੋਈ ਉਲੰਘਣਾ ਦੇ ਪ੍ਰਾਸਚਿਤ ਵਜੋਂ ੨੯ ਮਾਰਚ ਦੇ ਇਜਲਾਸ ਵਿਚ ਹਾਜ਼ਰ ਸਮੂੰਹ ਗੁਰਸਿਖ, ਪੰਜ ਪੰਜ ਸ੍ਰੀ ਜਪੁਜੀ ਸਾਹਿਬ ਦੇ ਪਾਠ ਨਿਤਨੇਮ ਤੋਂ ਇਲਾਵਾ ਕਰਨ। ਉਪ੍ਰੰਤ, ਕਿਸੇ ਵੀ ਗੁਰ-ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਖੇ ਜੁੜੀ ਸੰਗਤਿ ਵਿਚ ਅਰਦਾਸ ਕਰਾਉਣ, ਕਿ ਸਤਿਗੁਰੂ ਜੀ ਉਹਨਾਂ ਦੀ ਪਿਛਲੀ ਭੁਲ ਦੀ ਖਿਮਾ ਬਖਸ਼ਣ ਅਤੇ ਅਗੇ ਤੋਂ ਸਤਿਗੁਰਾਂ ਦੇ ਅਦਬ ਸਤਿਕਾਰ ਅਥਵਾ ਗੁਰਮਤਿ ਮਰਯਾਦਾ ਨੂੰ ਕੇਸਾਂ ਸੁਆਸਾਂ ਨਾਲ ਨਿਭਾਉਣ ਦਾ ਬਲ ਬਖਸ਼ਣ।

(ਅ) ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਾਗਮਾਂ ਵਿਚ ਚੁਣੇ ਮੈਂਬਰਾਂ ਤੋਂ ਇਲਾਵਾ ਪੰਜ ਸਿੰਘ ਸਾਹਿਬਾਨ ਦੀ ਸ਼ਮੂਲੀਅਤ ਦੀ ਬਾਕਾਇਦਾ ਤੌਰ ਤੇ ਬਿਵਸਥਾ ਗੁਰਦੁਆਰਾ ਐਕਟ ਵਿਚ ਹੈ। ਰਵਾਇਤ ਅਨੁਸਾਰ ਸਿੰਘ ਸਾਹਿਬਾਨ ਕਿਸੇ ਵੋਟਿੰਗ ਵਿਚ ਭਾਗ ਨਹੀਂ ਲੈਂਦੇ ਅਤੇ ਆਮ ਪ੍ਰਬੰਧਕੀ ਮਸਲਿਆਂ ਵਿਚ ਦਖ਼ਲ ਨਹੀਂ ਦਿੰਦੇ। ਪਰ ਜੇ ਅਤੇ ਜਦੋਂ ਮੀਟਿੰਗ ਵਿਚ ਕੋਈ ਘਟਨਾ ਗੁਰੂ ਮਹਾਰਾਜ ਜੀ ਦੇ ਅਦਬ ਸਤਿਕਾਰ ਵਿਰੁੱਧ ਵਾਪਰਦੀ ਹੈ ਜਾਂ ਖਾਲਸਾ ਪਰੰਪਰਾਵਾਂ ਦੀ ਉਲੰਘਣਾ ਹੁੰਦੀ ਹੈ ਤਾਂ ਸਿੰਘ ਸਾਹਿਬ ਇਸ ਵਿਰੁੱਧ ਅਵਾਜ਼ ਉਠਾਉਣ ਦੇ ਪੂਰਨ ਹੱਕਦਾਰ ਹਨ। ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਣਾ ਅਤੇ ਕੇਵਲ ਦਰਸ਼ਕ ਬਣ ਕੇ ਬੈਠਣ ਲਈ ਆਖਣਾ ਹਰਗਿਜ਼ ਉਚਿਤ ਨਹੀਂ। ਇਸ ਲਈ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਪ੍ਰਤੀ ਤਲਖ਼ੀ ਵਿਚ ਕਹੇ ਗਏ ਸ਼ਬਦ ਅਯੋਗ ਸਨ, ਜਿਸ ਵਜੋਂ ਉਹ ਖ਼ੇਦ ਪ੍ਰਗਟ ਕਰਨ। ਭਵਿਖ ਵਿਚ ਕੋਈ ਵੀ ਵਿਅਕਤੀ ਸਿੰਘ ਸਾਹਿਬਾਨ ਵਿਰੁੱਧ ਅਪ-ਸ਼ਬਦ ਵਰਤਣ ਤੋਂ ਗੁਰੇਜ਼ ਕਰੇ। ਇਸ ਦੇ ਨਾਲ ਹੀ ਅਸੀਂ ਸਮਝਦੇ ਹਾਂ ਕਿ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਜੀ ਵਲੋਂ ਆਪਣੀਆਂ ਸੇਵਾਵਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਜਾਰੀ ਰਖਣੀਆਂ ਪੰਥਕ ਹਿਤਾਂ ਲਈ ਜ਼ਰੂਰੀ ਹਨ।

(ੲ) ਇਹ ਇਕ ਮੰਦ-ਭਾਗੀ ਗੱਲ ਹੈ ਕਿ ਕੁਝ ਧਾਰਮਿਕ, ਰਾਜਸੀ ਜਾਂ ਹੋਰ ਸਮਾਗਮਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤਾਂ ਕਰ ਲਿਆ ਜਾਂਦਾ ਹੈ, ਪਰ ਗੁਰੂ ਸਾਹਿਬਾਨ ਜੀ ਦੇ ਅਦਬ ਸਤਿਕਾਰ ਵਲੋਂ ਅਕਸਰ ਲਾਪਰਵਾਹੀ ਵਰਤੀ ਜਾਂਦੀ ਹੈ। ਸੋ ਸਮੁੱਚੇ ਸਿੱਖ ਜਗਤ ਨੂੰ ਅਪੀਲ ਹੈ ਕਿ ਜਿਥੇ ਵੀ ਗੁਰੂ ਪਾਤਸ਼ਾਹ ਜੀ ਦੀ ਬੇ-ਅਦਬੀ ਦੀ ਥੋੜੀ ਜਿੰਨੀ ਵੀ ਸੰਭਾਵਨਾ ਨਜ਼ਰ ਆਉਂਦੀ ਹੋਵੇ ਉਥੇ ਮਹਾਰਾਜ ਜੀ ਦਾ ਪ੍ਰਕਾਸ਼ ਬਿਲਕੁਲ ਨਾ ਕੀਤਾ ਜਾਵੇ। ਇਸ ਦੇ ਲਈ ਜੇ ਗੁਰਦੁਆਰਾ ਐਕਟ ਵਿਚ ਕੋਈ ਸੋਧ ਵੀ ਕਰਨੀ ਪਵੇ ਤਾਂ ਕਰ ਲਈ ਜਾਵੇ।

ਇਸ ਫੈਸਲੇ ਉਪ੍ਰੰਤ ਕਿਸੇ ਵੀ ਵਿਅਕਤੀ ਜਾਂ ਸੰਸਥਾ ਵਲੋਂ ਇਸ ਘਟਨਾ ਸੰਬੰਧੀ ਕਿਸੇ ਕਿਸਮ ਦਾ ਵਾਦ-ਵਿਵਾਦ ਛੇੜਨ ਤੋਂ ਪੂਰਨ ਸੰਕੋਚ ਕੀਤਾ ਜਾਵੇ। ਸਮੁੱਚੇ ਪੰਥਕ ਹਿਤਾਂ ਲਈ ਇਹ ਅਤਿਅੰਤ ਜ਼ਰੂਰੀ ਹੈ। ਇਸ ਘਟਨਾ ਸੰਬੰਧੀ ਹੋਰ ਵਿਵਾਦ ਛੇੜਨ ਵਾਲਾ ਵਿਅਕਤੀ ਗੁਰੂ ਅਤੇ ਪੰਥ ਦਾ ਦੇਣਦਾਰ ਹੈ।

(ਜਗੀਰ ਸਿੰਘ) ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ।

(ਮਨਜੀਤ ਸਿੰਘ) ਜਥੇਦਾਰ
ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ

(ਕੇਵਲ ਸਿੰਘ) ਹੈਡ ਗ੍ਰੰਥੀ
ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

(ਭਗਵਾਨ ਸਿੰਘ) ਗ੍ਰੰਥੀ
ਸ੍ਰੀ ਅਕਾਲ ਤਖ਼ਤ ਸਾਹਿਬ

(ਮੋਹਣ ਸਿੰਘ) ਹੈਡ ਗ੍ਰੰਥੀ
ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।



www.AKJ.Org

# ਤੂੰ ਆਪੇ ਦਸ !

[ਸ: ਗੁਲਜ਼ਾਰ ਸਿੰਘ, ਸਵਿੰਡਨ, ਇੰਗਲੈਂਡ]

ਤੂੰ ਆਪੇ ਦਸ, ਅਸੀਂ ਕੀ ਕਰੀਏ !
ਦੋ ਦਹਾਕੇ ਹੋ ਗਏ ਤੇਰੇ ਦਰ-ਢਠਿਆਂ ਨੂੰ,
ਬਬੀਹੇ ਵਾਂਗੂ ਪੁਕਾਰ ਕਰਦਿਆਂ ਨੂੰ,
ਇੰਤਜ਼ਾਰ ਕਰਦਿਆਂ ਨੂੰ,
'ਕਦਿ ਪਸੀ ਦੀਦਾਰੁ', ਤੂੰ ਆਪੇ ਦਸ !
ਚਕੋਰ ਵਾਂਗ ਅੰਦਰੋ ਅੰਦਰੀ ਝਾਤ ਲਾਈ ਬੈਠੇ ਹਾਂ,
'ਪ੍ਰਭ ਮੋਹਿ ਕਬ ਗਲਿ ਲਾਵਹਿਗੇ',
ਤੂੰ ਆਪੇ ਦਸ !
ਚਕਵੀ ਜਿਵੇਂ ਮਸਤ ਹੋ ਸੂਰਜ ਤੇ ਰੀਝਦੀ ਹੈ,
ਅਸੀਂ ਵੀ ਤੇਰੀ ਆਸ ਤੇ ਬੈਠੇ ਹਾਂ ।
ਸੂਰਜ, ਡੁਬਣ ਸਾਰ ਚਕਵੀ ਬਿਰਹੋਂ ਨੇ ਕੁਠ ਦਿਤੀ ਏ
ਅਸੀਂ ਨਿਰਾਸਤਾ ਦੀ ਅੱਗ ਨਾਲ ਲੂਸੇ ਜਾ ਰਹੇ ਹਾਂ ।

ਕਿਸੇ ਮਾਲਕ ਦਾ ਕੁੱਤਾ ਉਸ ਲਈ ਜਗਰਾਤਾ ਕਟਦਾ ਏ
ਆਪਣੀ ਵਫ਼ਾਦਾਰੀ ਨਿਭਾਉਣ ਲਈ,
ਕਿਸੇ ਦੀ ਪੈੜਚਾਲ ਆਉਣ ਤੇ
ਭੌਂਕ ਭੌਂਕ ਕੇ ਆਪਣੇ ਮਾਲਕ ਨੂੰ ਬੁਲਾ ਲੈਂਦਾ ਏ ।
ਪਰ ਤੂੰ ਆਪ ਦਸ, ਅਸੀਂ ਕੀ ਕਰੀਏ,
ਜਦ ਕਿ ਬਾਰ੍ਹਾਂ ਤੋਂ ਬਾਅਦ ਅਸੀਂ ਤੇਰੇ ਬੂਹੇ ਅਗੇ
ਬੈਠ ਕੇ ਘੰਟਿਆਂ ਬਧੀ ਭੌਂਕਦੇ ਹਾਂ,
ਤੇਰੀ ਅੱਖ ਤਕ ਨਹੀਂ ਖੁਲ੍ਹਦੀ ।
ਇੰਜ ਲਗਦੈ,ਸਾਡੀ ਵਫ਼ਾਦਾਰੀ ਤੈਨੂੰ ਭਾਉਂਦੀ ਹੀ ਨਹੀਂ।
ਤੂੰ ਆਪੇ ਦਸ ਵਫ਼ਾਦਾਰੀ ਵਿਚ ਪਏ ਨੁਕਸ ।
ਆਪਣੀ ਦਰਸ-ਝਲਕ ਲਈ ਸਾਥੋਂ ਕੀ ਚਾਹੁੰਦੇ ਹੋ ਪ੍ਰਿਆ !
ਕਿੰਨੇ ਘੜੇ ਭਰਾਂ ਵੈਰਾਗ-ਹੰਝੂਆਂ ਨਾਲ,
ਇਕ ਝਲਕ ਲਈ,
ਕਿੰਨੇ ਕੁ ਤੀਰਥ ਕਰਾਂ ਤੇਰੇ ਦਰਸ-ਮਿਲਾਪ ਲਈ,
ਕਿੰਨੀ ਕੁ ਗਿਣਤੀ ਮਿਣਤੀ 'ਚ ਤੇਰੀ ਸਿਫਤ ਸਲਾਹ ਕਰਾਂ,
ਤੇਰੇ ਦੀਦਾਰ ਲਈ ।
ਕਿੰਨੀ ਕੁ ਮਸ ਕਾਗਜ਼ ਵਰਤਾਂ
ਤੇਰਾ ਜਸ ਲਿਖਣ ਲਈ,
ਇਕ ਭੋਰੀ ਦਰਸ ਲਈ,
ਤੂੰ ਆਪੇ ਦਸ !

ਕਿੰਨਾ ਕੁ ਜਸ ਗਾਇਨ ਕਰਾਂ,
ਤੇਰੇ ਕਿੰਨੇ ਪਾਠ ਕਰਾਂ
ਤੇ ਕਿੰਨੀ ਲਖ ਵੇਰ ਮੱਥਾ ਤੇ ਨੱਕ ਰਗੜਾਂ ।
ਨਮਸਕਾਰ ਕਰਨ ਦੀ ਗਿਣਤੀ ਵੀ ਤੂੰ ਆਪੇ ਦਸ !
ਇਹ ਸਭ ਕੁਝ ਕਰਨ ਲਈ
ਬੜੀ ਖ਼ੁਸ਼ੀ ਨਾਲ
ਜੇ ਵਾਅਦਾ ਕਰੇਂ ਇਕ ਨੂਰੀ ਝਲਕ ਦਾ !
ਸਾਡੀਆਂ ਅਰਦਾਸਾਂ ਬੇਨਤੀਆਂ
ਤੈਨੂੰ ਕਿਉਂ ਨਹੀਂ ਸੁਣਦੀਆਂ,
ਕੋਈ ਕਾਰਨ ਤਾਂ ਦਸ,
ਵਾਸਤਾ ਏ ਤੇਰੇ ਬਿਰਦ ਦਾ !
ਤੂੰ ਆਪੇ ਦਸ, ਕਿਵੇਂ ਤੂੰ ਸਾਨੂੰ ਮਿਲੇਂਗਾ ?
ਸਾਡੀ ਹਾਲ ਪੁਕਾਰ ਦੀ ਤਾਂ ਬਸ ਹੋ ਚੁਕੀ ਹੈ ।
ਸਾਡਾ ਸਿਦਕ ਨ ਪਰਖ,
ਸਾਨੂੰ ਨਿਰਾਸਤਾ ਦੇ ਰਾਹੇ ਨਾ ਤੋਰ ।
ਤੂੰ ਆਪੇ ਦਸ—
ਤੇਰੇ ਲੜ-ਲਗਿਆਂ ਦੀ ਲਾਜ ਕੌਣ ਰਖੇਗਾ !
ਤੇਰੇ ਮੁਕਾਮ ਦੀ ਮੰਜ਼ਲ,
ਜਿਸ ਤੇ ਤੂੰ ਸਾਨੂੰ ਤੋਰ ਰਿਹਾ ਹੈਂ;
ਕੀ ਇਹ ਕਸੌਟੀ ਤਾਂ ਨਹੀਂ ?
ਤੂੰ ਆਪੇ ਦਸ ?
ਅਸੀਂ ਤਾਂ ਇਸ ਦੀਆਂ ਰਗੜਾਂ ਸਹਿਣ ਯੋਗ ਨਹੀਂ,
ਤੂੰ ਆਪੇ ਦਸ !
ਕਿੰਨੀ ਗਿਣਤੀ ਏ ਜੋਜਨਾਂ ਵਿਚ ਤੇਰੀ ਮੰਜ਼ਲ ਦੀ
ਤੇ ਕਿਹੜੀਆਂ ਨੇ ਔਖਿਆਈਆਂ ਇਸ ਰਸਤੇ ਵਿਚ,
ਕੀ ਤੂੰ ਬਖ਼ਸ਼ਿੰਦ ਨਹੀਂ ?
ਤੂੰ ਆਪੇ ਦਸ !

ਤੇਰੇ ਕਿਵਾੜ ਤੇ ਭਾਂਤ ਭਾਂਤ ਦੇ ਜੰਦਰੇ ਦਿਸ ਰਹੇ ਨੇ ।
ਖੋਲ੍ਹਣ ਲਈ ਸਾਡੀ ਕੱਚੀ-ਮਤ-ਕੁੰਜੀ ਦੀ ਪਹੁੰਚ ਨਹੀਂ,
ਸੋ ਤੂੰ ਆਪ ਇਕੋ ਕੁੰਜੀ ਸਾਡੀ ਜ਼ਬਾਨ ਨੂੰ ਬਖਸ਼
ਜਿਸ ਦਾ ਤੂੰ ਆਪੇ ਨਾਂ ਰਖਿਆ ਹੈ
''ਅੰਮ੍ਰਿਤ ਨਾਮ'' ।

'ਸੂਰਾ' ਅੰਮ੍ਰਿਤਸਰ, ਮਈ ੧੯੯੦



www.AKJ.Org

ਕੀ ਤੂੰ ਆਪਣੀ ਦਇਆ, ਕਿਰਪਾ, ਬਖਸ਼ਸ਼ ਤੇ ਮਿਹਰ
ਦੀ ਰਫਤਾਰ ਨੂੰ ਤੇਜ਼ ਨਹੀਂ ਕਰ ਸਕਦਾ
ਸਾਡੇ ਤਾਈਂ ਪਹੁੰਚਾਣ ਲਈ ?
ਮਤੇ ਅਸੀਂ ਕਾਲ ਫਾਸ ਵਿਚ ਫਸੇ ਹੋਈਏ
ਇਨ੍ਹਾਂ ਦੀ ਆਮਦ ਤੋਂ ਪਹਿਲੋਂ ਹੀ।
'ਘਰਿ ਤ ਤੇਰੈ ਸਭੁ ਕਿਛੁ ਹੈ'
ਪਰ ਸਾਨੂੰ ਮਿਲਦਾ ਕਿਉਂ ਨਹੀਂ,
ਤੂੰ ਆਪੇ ਦਸ !

ਮਾਂ ਪਿਉ ਆਪਣੀ ਔਲਾਦ ਲਈ ਮਰ ਮਿਟਦੇ
ਪਰ ਤੈਨੂੰ ਕਿਉਂ ਨਹੀਂ ਤਰਸ ਆ ਰਿਹਾ ਸਾਡੇ ਤੇ,
ਤੂੰ ਆਪੇ ਦਸ !
ਬੱਚਾ ਇਕ ਵਾਰ ਰੋਵੇ, ਮਾਪੇ ਕੁਰਲਾ ਉਠਦੇ ਨੇ
ਹੱਸਦਿਆਂ ਵੇਖਣ ਲਈ।
ਲੋਰੀਆਂ ਦਾ ਹੜ੍ਹ ਵਗਾ ਦੇਂਦੇ ਨੇ
ਤੇ ਖੇਲਾਂ ਨਾਲ ਘਰ ਭਰ ਰਖਦੇ ਨੇ
ਉਸ ਨੂੰ ਰੀਝਾਣ ਲਈ।

ਕੀ ਤੇਰੇ ਕੋਲ ਲੋਰੀ ਨਹੀਂ ਹੈ,
ਜਿਸ ਲਈ ਅਸੀਂ ਰੋ ਰਹੇ ਹਾਂ,
ਲੋਰੀ ਨਾਮ ਦੀ ?
ਕੀ ਤੂੰ ਸਾਨੂੰ ਦਿਲ ਪਰਚਾਉਣ ਲਈ
ਇਕ ਖੇਲ ਨਹੀਂ ਦੇ ਸਕਦਾ ਨਾਮ ਦਾ,
ਤੂੰ ਆਪੇ ਦਸ ?
ਅਸੀਂ ਇਸ ਖਿਡੌਣੇ ਦੀ ਆਸ ਵਿਚ
ਉਮਰਾਂ ਬਿਤਾਈ ਬੈਠੇ ਹਾਂ।
ਅਸੀਂ ਤਾਂ ਖੇਲਣਾ ਚਾਹੁੰਦੇ ਹਾਂ
ਦਿਨ ਰਾਤ ਇਸ ਖੇਲ ਨਾਲ।
ਸਾਡੀ ਆਸ ਹੁਣ ਬੁਢੀ ਹੋ ਚੁਕੀ ਏ
ਤੇ ਮਰਨ ਪਹਿਰੇ ਪਈ ਹੈ।
ਬੁਢੇ ਹੋਇਆਂ ਤਾਂ ਖੇਲਿਆ ਵੀ ਨਹੀਂ ਜਾਂਦਾ,
ਫਿਰ ਵੀ ਡਿਗਦੇ ਢਹਿੰਦੇ ਅਸੀਂ ਖੇਲਾਂਗਾ,
ਮਨ ਕਰਕੇ ਖੇਲਣਾ ਬਖ਼ਸ਼ !
ਪਰ ਇਹ ਤਾਂ ਦਸ, ਕਦ ਆਸ ਪੁਜਾਏਂਗਾ ?
ਤੂੰ ਆਪੇ ਦਸ !

# ਸ੍ਰੀ ਹਰਿਮੰਦਰ ਸਾਹਿਬ ਦੀ ਸਾਜਨਾ ਦਾ ਪ੍ਰਯੋਜਨ

ਸ੍ਰੀ ਗੁਰੂ ਪਹਿਲੀ ਪਾਤਸ਼ਾਹੀ ਦੀ ਪੈਰਵੀ ਕਰਦਿਆਂ ਹੋਇਆਂ ਸਾਰੇ ਗੁਰੂ ਸਾਹਿਬਾਨ ਨੇ ਧਰਮ-ਅਸਥਾਨ ਰੂਪੀ ਸਤਿਸੰਗ ਮੰਡਲ, ਮੰਦਰ, ਦੁਆਰੇ ਕਾਇਮ ਕੀਤੇ। ਜੁਗੋ ਜੁਗ ਇਹ ਗੁਰਮਤਿ ਸਤਿਸੰਗ ਮੰਡਲ, ਮੰਦਰ, ਅਸਥਾਨ, ਆਦਰਸ਼ ਅਟੱਲ ਰਹੇਗਾ। ਏਨ੍ਹਾਂ ਨੂੰ ਮੇਟਣਹਾਰਾ ਕੋਈ ਨਹੀਂ, ਝਖ ਮਾਰਨਹਾਰ ਝਖ ਮਾਰਦੇ ਰਹਿਣਗੇ।

ਗੁਰੂ ਪੰਚਮ ਪਾਤਸ਼ਾਹੀ ਗੁਰੂ ਅਰਜਨ ਸਾਹਿਬ ਜੀ ਨੇ ਗੁਰੂ ਪਹਿਲੀ ਪਾਤਸ਼ਾਹੀ ਦੇ ਆਦਰਸ਼ਾਂ ਦੀ ਅਜਿਹੀ ਪਵਿਤ੍ਰ ਪਾਵਨ ਤਕਲੀਦ (ਪੁਸ਼ਟੀ) ਕੀਤੀ ਕਿ ਗੁਰਬਾਣੀ ਦੇ ਅਖੰਡ ਕੀਰਤਨੀ ਸਤਿਸੰਗ ਲਈ ਅਤੇ ਗੁਰ-ਸੰਗਤਾਂ ਦੇ ਜੁਗੋ ਜੁਗ ਜੁੜਦੇ ਰਹਿਣ ਲਈ ਅਤੇ ਜੁੜ ਕੇ ਪਰਮਾਤਮਾ ਪਾਰਬ੍ਰਹਮ ਪ੍ਰਮੇਸ਼ਵਰ, ਵਾਹਿਗੁਰੂ ਦੇ ਭਜਨ ਕੀਰਤਨ ਕਰਦੇ ਰਹਿਣ ਲਈ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸ੍ਰੀ ਅੰਮ੍ਰਿਤਸਰ ਵਿਖੇ ਅਬਚਲ ਨੀਂਹ ਰਖੀ। ਪ੍ਰਭੂ ਅਕਾਲ ਪੁਰਖ ਦੀ ਹਰਿ-ਜਸ ਰੂਪੀ ਅਖੰਡ ਕੀਰਤੀ ਲਈ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਾਜਨਾ ਸਾਜੀ।

ਜਿਸ ਹਰਿਮੰਦਰ ਵਿਖੇ ਖ਼ਾਸ ਉਸ ਅਸਥਾਨ ਉਤੇ, ਜਿਥੇ ਕਿ ਸ੍ਰੀ ਅਕਾਲ ਪੁਰਖ ਦੀ ਦਿਬ-ਜੋਤਿ ਦਰਸ਼ਨ ਮੂਰਤੀ ਦਾ ਪਰਤੱਖ ਦੀਦਾਰ-ਜਲਵਾ, ਗੁਰੂ ਅਰਜਨ ਸਾਹਿਬ ਜੀ ਨੇ ਦਰਸ਼ਨੀ ਡਿਉਢੀ ਤੇ ਖੜ੍ਹਿਆਂ ਸ੍ਰੀ ਅੰਮ੍ਰਿਤਸਰ ਸਰੋਵਰ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਕਾਰ ਸੇਵਾ ਕਰਨਹਾਰੀਆਂ ਗੁਰੂ-ਸੰਗਤਾਂ ਨੂੰ ਜਲਵਾਇਆ ਸੀ, ਜਿਥੇ ਕਿ ''ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ''* ਦੇ ਵਾਕ ਅਨੁਸਾਰ ਅਗਮ ਅਗੋਚਰ ਪਾਰਬ੍ਰਹਮ ਸੁਆਮੀ ਜ਼ਹੂਰ ਅਫ਼ਸ਼ਾਨ ਹੋਇਆ ਸੀ, ਹਾਂ ਜੀ, ਖ਼ਾਸ ਉਸ ਮੁਤਬੱਰਕ, ਅੰਤੀ ਮੁਤਬੱਰਕ ਅਸਥਾਨ ਉਤੇ ਭੂਤ ਭਵਿਖ ਭਵਾਨ ਦੇ ਜਾਨਣਹਾਰੇ ਗੁਰੂ ਪੰਚਮ ਪਾਤਸ਼ਾਹ ਜੀ ਨੇ ਕਲਜੁਗ ਦੇ ਬੋਹਿਥ, ਨਾਮ ਦੇ ਜਹਾਜ਼, ਗੁਰੂ ਗਰੀਬ ਨਿਵਾਜ਼, ਆਦਿ ਅਤੇ ਏਕੋ ਗੁਰੂ ਅਵਤਾਰ, ਦਸੇ ਗੁਰੂ ਸਾਹਿਬਾਨ ਦੇ ਸਚੇ ਸਾਖਸ਼ਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾਇਆ ਅਤੇ 'ਗੁਰ ਮੂਰਤਿ ਗੁਰ ਸਬਦੁ ਹੈ'† ਦਾ ਗੁਨ ਘਨਘੋਰੀ ਨਗਾਰਾ ਬਜਾਇਆ ਹੈ।

[ਭਾ: ਸਾ: ਭਾ: ਰਣਧੀਰ ਸਿੰਘ ਲਿਖਤ 'ਸ਼ੰਕਿਆਂ ਦੇ ਉਤਰ' ਵਿਚੋਂ

* ਸੂਹੀ ਮ: ਪੰਨਾ ੭੮੩,  † ਭਾਈ ਗੁਰਦਾਸ ਜੀ, ਵਾਰ ੨੪, ਪਉੜੀ ੧੧ ਤੇ ੨੫,

www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੮)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

ਭੀਲੋਵਾਲ ਦੀ ਲੜਾਈ ਪਿਛੋਂ ਸਿੰਘਾ ਦਾ ਦਲ ਕਲਾਨੌਰ-ਬਟਾਲੇ ਵਲ ਦੀ ਹੁੰਦਾ ਹੋਇਆ ਬਿਆਸ ਟੱਪ ਪਿਆ। ਸਿੰਘ ਇਹ ਤਿੰਨੇ ਲੜਾਈਆਂ ਲੜ ਕੇ ਆਏ ਸਨ ਤੇ ਇਹ ਲੜਾਈਆਂ ਸਿਖਾਂ ਦੇ ਸਿਰਮੌਰ ਆਗੂ ਦੀ ਅਗਵਾਈ ਤੋਂ ਬਿਨਾਂ ਹੀ ਲੜੀਆਂ ਗਈਆਂ ਸਨ। ਫਿਰ ਵੀ ਇਨ੍ਹਾਂ ਆਪਣੇ ਵੈਰੀ ਤੋਂ ਆਪਣੇ ਬਾਹੂ-ਬਲ ਦਾ ਲੋਹਾ ਮਨਵਾ ਲਿਆ ਸੀ। ਬੰਦਾ ਸਿੰਘ ਬਹਾਦਰ ਦੇ ਝੰਡੇ ਥਲੇ ਲੜਨ ਵਾਲਿਆਂ ਦਾ ਵਡਾ ਇਕ ਹੀ ਨਿਸ਼ਾਨਾ ਸੀ ਕਿ ਦੇਸ਼ ਭਰ ਚੋਂ ਮੁਗਲੀਆ ਜ਼ੁਲਮੀ ਰਾਜ ਦਾ ਕਿਧਰੇ ਵੀ ਨਾਮੋ ਨਿਸ਼ਾਨ ਰਹਿਣ ਨਾ ਦਿਤਾ ਜਾਵੇ, ਸਦੀਆਂ ਤੋਂ ਚਲੀ ਆ ਰਹੀ ਜ਼ੁਲਮ ਜਬਰ ਤੇ ਗੁਲਾਮੀ ਦੀ ਛੱਟ ਸਦਾ ਲਈ ਹਿੰਦੀਆਂ ਦੇ ਸਿਰੋਂ ਲਾਹ ਦਿਤੀ ਜਾਵੇ। ਸੋ ਦਰਿਆਉਂ ਪਾਰ ਹੁੰਦੇ ਹੀ ਸਿੰਘ ਸਿਧੇ ਰਾਹੋਂ ਵਲ ਵਧੇ ਤੇ ਮਾਮੂਲੀ ਜਿਹੀ ਝੜਪ ਪਿਛੋਂ ਰਾਹੋਂ ਤੇ ਅਧਿਕਾਰ ਕਰ ਲਿਆ। ਰਾਹੋਂ ਬਿਸਤ ਦੁਆਬ ਜਲੰਧਰ ਵਿਚ ਹੈ।

ਸ਼ਮਸ ਖਾਨ ਫ਼ੌਜਦਾਰ ਜਲੰਧਰ-ਦੁਆਬ ਦਾ ਸਦਰ ਮੁਕਾਮ ਸੁਲਤਾਨਪੁਰ ਲੋਧੀ ਸੀ। ਪਤਾ ਲਗਦਿਆਂ ਸਾਰ ਉਹ ੫੦੦੦ ਸਵਾਰ ਲੈ ਕੇ ਸਿੱਖਾਂ ਦੇ ਟਾਕਰੇ ਲਈ ਰਾਹੋਂ ਵਲ ਵਧਿਆ। ਰਾਹੋਂ ਦੇ ਕਿਲ੍ਹੇ ਵਿਚ ਦਾਣੇ ਪੱਠੇ ਦਾ ਕੋਈ ਜ਼ਖ਼ੀਰਾ ਨਹੀਂ ਸੀ ਤੇ ਨਾ ਹੀ ਛੇਤੀ ਨਾਲ ਇਹ ਪ੍ਰਬੰਧ ਹੋ ਸਕਦਾ ਸੀ। ਸ਼ਮਸ ਖਾਂ ਨਾਲ ਦੋ ਹੱਥ ਕਰਨ ਲਈ ਕਿਲ੍ਹਾ ਛੱਡ ਕੇ ਸਿੰਘ ਨਿਧਰੇ ਮੈਦਾਨ ਵਿਚ ਆ ਗਏ। ਉਹ ਘੇਰੇ ਵਿਚ ਆ ਕੇ ਭੁਖੇ ਤਿਹਾਏ ਨਹੀਂ ਸਨ ਮਰਨਾ ਚਾਹੁੰਦੇ। ਦਿਨ ਚੜ੍ਹਦੇ ਨਾਲ ਲੜਾਈ ਦਾ ਅਰੰਭ ਹੋਇਆ। ਯਆਕੂਬ ਖ਼ਾਨ ਦਾ ਬਾਗ, ਜੋ ਕਈ ਏਕੜਾਂ ਵਿਚ ਸੀ, ਲੜਾਈ ਦਾ ਅਖਾੜਾ ਬਣਿਆ ਤੇ ਦੋਹਾਂ ਧਿਰਾਂ ਨੇ ਚੰਗੇ ਹੱਥ ਦਸੇ। ਗੱਲ ਕਿਸੇ ਪਾਸੇ ਨਾ ਲਗੀ। ਜੰਮੂ ਦਾ ਗਵਰਨਰ ਬਾਯਜ਼ੀਦ ਖ਼ਾਂ ਜੋ ਸ਼ਮਸ ਖਾਨ ਦਾ ਚਾਚਾ ਸੀ, ਉਹ ਵੀ ਆਪਣੀ ਫ਼ੌਜ ਲੈ ਕੇ ਸ਼ਮਸ ਖਾਨ ਦੀ ਸਹਾਇਤਾ ਲਈ ਆਣ ਮਿਲਿਆ। ਇਸ ਤੋਂ ਪਿਛੋਂ ਉਮਰ ਖ਼ਾਂ ਕਸੂਰ ਦਾ ਨਵਾਬ ਆਪਣੇ ਜੰਗਜੂ ਸਵਾਰਾਂ ਨਾਲ ਸ਼ਮਸ ਖਾਨ ਦੀ ਮਦਦ ਤੇ ਪਹੁੰਚ ਗਿਆ। ਹੁਣ ਲੜਾਈ ਦਾ ਰੰਗ ਬਿਲਕੁਲ ਬਦਲ ਗਿਆ। ਸਿਖ ਤਾਂ ਪਹਿਲਾਂ ਹੀ ਕਈ ਗੁਣਾ ਥੋੜੇ ਸਨ, ਇਸ ਮਿਲੇ-ਜੁਲੇ ਟਿੱਡੀ ਦਲ ਨੇ ਸਿੱਖਾਂ ਦੇ ਪੈਰ ਉਖੇੜ ਦਿਤੇ ਤੇ ਉਹ ਭਜ ਕੇ ਸ਼ਹਿਰ ਕਿਲ੍ਹੇ ਅੰਦਰ ਜਾ ਵੜੇ ਤੇ ਕਿਲ੍ਹਾ-ਬੰਦ ਹੋ ਕੇ ਲੜਾਈ ਜਾਰੀ ਰਖੀ। ਇਸਲਾਮੀ ਲਸ਼ਕਰ ਮੈਦਾਨ ਵਿਚਲੀ ਲੜਾਈ ਵਿਚ ਹੀ ਹਾਵੀ ਹੋ ਚੁਕਾ ਸੀ, ਸੋ ਦੁਸ਼ਮਣ ਸ਼ਹਿਰ ਤੇ ਕਿਲ੍ਹੇ ਨੂੰ ਘੇਰਾ ਘਤ ਕੇ ਬੈਠ ਗਿਆ ਤੇ ਅੰਦਰ ਕਿਸੇ ਵੀ ਕਿਸਮ ਦਾ ਰਸਦ-ਪਾਣੀ ਤੇ ਘਾਹ-ਪੱਤਾ ਜਾਣੋਂ ਰੋਕ ਦਿਤਾ ਗਿਆ। ਮੁਗ਼ਲੀ ਸੈਨਾ ਗਿਣਤੀ ਵਿਚ ਕਈ ਗੁਣਾ ਵਧ ਹੁੰਦਿਆਂ ਵੀ ਕਿਲ੍ਹੇ ਲਾਗੇ ਤਾਂ ਕੀ ਜਾਣਾ ਸੀ, ਸ਼ਹਿਰ ਅੰਦਰ ਵੜਨੋਂ ਵੀ ਕਤਰਾਂਦੀ ਰਹੀ। ਸ਼ਹਿਰ ਅੰਦਰ ਉਜੜੇ ਪੁਜੜੇ ਘਰਾਂ ਚੋਂ ਜੋ ਅੱਨ-ਦਾਣਾ ਆਦਿ ਮਿਲਿਆ, ਉਸ ਨਾਲ ਗੁਜ਼ਾਰਾ ਕਰਕੇ ਸਿਖ ਕਿਲ੍ਹੇ ਤੇ ਸ਼ਹਿਰ-ਪਨਾਹ[1] ਅੰਦਰੋਂ ਮੁਕਾਬਲਾ ਕਰਦੇ ਰਹੇ।

ਸਿੱਖਾਂ ਨੂੰ ਇਸ ਹਾਲਤ ਵਿਚ ਕਿਸੇ ਪਾਸਿਓਂ ਤੁਰੰਤ ਸਹਾਇਤਾ ਦੀ ਕੋਈ ਆਸ ਨਹੀਂ ਸੀ। ਸੋ ਇਹੋ ਫ਼ੈਸਲਾ ਕੀਤਾ ਕਿ ਅੰਦਰ ਘਿਰ ਕੇ ਭੁਖ ਨਾਲ ਮਰਨ ਨਾਲੋਂ ਘੇਰਾ ਤੋੜ ਕੇ ਨਿਕਲ ਜਾਇਆ ਜਾਵੇ। ਸੋ ਇਕ ਪਾਸੇ ਆਪਣੇ ਉਲਾਰ ਦਾ ਝਾਕਾ ਦੇ ਕੇ ਕਮਜ਼ੋਰ ਬਾਹੀ ਚੀਰ ਕੇ ਨਿਕਲ ਗਏ। ਸ਼ਹਿਰ ਤੇ ਕਿਲ੍ਹਾ ਸਿਖਾਂ ਪਾਸੋਂ ਜਾਂਦਾ ਰਿਹਾ ਤੇ ਉਨ੍ਹਾਂ ਨੂੰ ਦੁਰਾਡੇ ਧਕ ਦਿਤਾ ਗਿਆ। ਇਹ ਨਵੰਬਰ ੧੭੧੦ ਈ: ਦੀ ਘਟਨਾ ਹੈ।[2]

ਸ਼ਮਸ ਖ਼ਾਨ ਆਪਣਾ ਲਾਮ-ਲਸ਼ਕਰ ਲੈ ਕੇ ਸਰਹੰਦ ਉਤੇ ਜਾ ਪਿਆ। ਬਾਜ ਸਿੰਘ ਤੇ ਆਲੀ ਸਿੰਘ ਹਾਰ ਗਏ ਤੇ ਸਰਹੰਦ ਸ਼ਮਸ ਖ਼ਾਨ ਦੇ ਕਬਜ਼ੇ ਵਿਚ ਆ ਗਿਆ। ਉਹ ਸਿਖ ਜੋ ਸਮੇਂ ਸਿਰ ਨਿਕਲ ਨਾ ਸਕੇ, ਫੜ ਕੇ ਕਤਲ ਕਰਾ ਦਿਤੇ ਗਏ। ਬਾਜ ਸਿੰਘ ਤੇ ਆਲੀ ਸਿੰਘ ਆਪਣੀ ਬਚੀ ਫ਼ੌਜ ਲੈ ਕੇ ਲੋਹਗੜ੍ਹ ਵਲ ਹਟ ਗਏ। ਸਿੱਖਾਂ



www.AKJ.Org

ਵਲੋਂ ਸਰਹੰਦ ਉਤੇ ਕਾਇਮ ਕੀਤਾ ਹੋਇਆ ਰਾਜਸੀ ਪਰਬੰਧ ਇਕ ਵਾਰ ਖ਼ਤਮ ਕਰ ਦਿਤਾ ਗਿਆ।

**ਬਹਾਦਰ ਸ਼ਾਹ ਦਾ ਬੰਦਾ ਸਿੰਘ ਦੇ ਵਿਰੁਧ ਅਜਮੇਰੋਂ ਚੜ੍ਹਾਈ ਕਰਨਾ–**

ਬਹਾਦਰ ਸ਼ਾਹ ਦਾ ਭਰਾ ਕਾਮ ਬਖ਼ਸ਼, ਜੋ ਤਖ਼ਤ ਲਈ ਲੜਾਈ ਵਿਚ ਸ਼ਾਮਲ ਨਾ ਹੋਣ ਕਰਕੇ ਬਚ ਗਿਆ ਸੀ, ਐਸ ਵੇਲੇ ਦਖਣ ਵਿਚ ਸੀ। ਉਹ ਗੁਜਰਾਤ ਦਾ ਸੂਬੇਦਾਰ ਸੀ ਤੇ ਅੱਖ ਉਸ ਦੀ ਵੀ ਪਿਉ ਦੀ ਗੱਦੀ ਤੇ ਸੀ। ਉਸ ਨੇ ਆਪਣੀ ਕਾਫ਼ੀ ਤਾਕਤ ਵਧਾ ਲਈ ਤੇ ਖੁਲ੍ਹੀ ਬਗਾਵਤ ਕਰ ਕੇ ਆਪਣੇ ਆਪ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਕਹਿਣ ਲਗਾ। ਨੰਦੇੜ ਤੋਂ ਬਾਦਸ਼ਾਹ ਗੁਜਰਾਤ ਵੱਲ ਵਧਿਆ। ਜਨਵਰੀ ੧੭੦੯ ਈ: ਵਿਚ ਕਾਮ ਬਖਸ਼ ਹਾਰ ਖਾ ਕੇ ਮਾਰਿਆ ਗਿਆ। ਬਹਾਦਰ ਸ਼ਾਹ ਆਪਣੇ ਰਾਜਸੀ ਪਰਬੰਧ ਦੀ ਮਜ਼ਬੂਤੀ ਲਈ ਦਖਣ ਵਿਚ ਇਕ ਸਾਲ ਭਰ ਰੁਝਾ ਰਿਹਾ। ਅਜੇ ਇਹ ਏਧਰ ਹੀ ਸੀ ਕਿ ਰਾਜਪੂਤਾਨੇ (ਹੁਣ ਦਾ ਰਾਜਿਸਥਾਨ) ਦੇ ਕਈ ਸਿਰਕਢ ਰਾਜਪੂਤ ਰਾਜਿਆਂ ਨੇ ਦਿਲੀ ਹਕੂਮਤ ਵਿਰੁਧ ਬਗਾਵਤ ਦਾ ਝੰਡਾ ਖੜਾ ਕਰਕੇ ਆਪਣੀ ਆਜ਼ਾਦੀ ਦਾ ਐਲਾਨ ਕਰ ਦਿੱਤਾ। ਇਸ ਭਖਦੀ ਅੱਗ ਨੂੰ ਦਬਾਉਣ ਲਈ ਬਹਾਦਰ ਸ਼ਾਹ ਮਈ ੧੭੧੦ ਈ: ਨੂੰ ਏਧਰ ਆਣ ਪਹੁੰਚਾ।

ਬੰਦਾ ਸਿੰਘ ਨੇ ੧੨ ਮਈ ੧੭੧੦ ਈ: ਨੂੰ ਚਪੜਚਿੜੀ ਦੀ ਲੜਾਈ ਵਿਚ ਵਜ਼ੀਰ ਖ਼ਾਂ ਨੂੰ ਮਾਰ ਕੇ ਮੁਗਲੀਆ ਫ਼ੌਜ ਨੂੰ ਬੜੀ ਤਕੜੀ ਭਾਂਜ ਦਿਤੀ ਸੀ ਤੇ ਸਰਹੰਦ ਦੀ ਬੁਰੀ ਬਰਬਾਦੀ ਹੋਈ ਸੀ। ਸੂਬਾ ਸਰਹੰਦ ਦਾ ਲੜਕਾ ਤੇ ਖ਼ਵਾਜਾ ਮਾਸੂਮ ਸਰਹੰਦੀ ਨਕਸ਼ਬੰਦੀ ਦਾ ਲੜਕਾ ਆਪਣੇ ਟੱਬਰ ਕਬੀਲੇ ਨੂੰ ਲੈ, ਬਚ ਕੇ ਨਿਕਲ ਗਏ ਸਨ। ਸਰਹੰਦ ਦੇ ਕੁਝ ਹੋਰ ਪਤਵੰਤੇ ਤੇ ਕੁਝ ਕੁ ਸੱਯਦ ਇਨ੍ਹਾਂ ਲੜਕਿਆਂ ਨਾਲ ਰਲ ਕੇ, ਬਾਲ ਬਚੇ ਨੂੰ ਦਿਲੀ ਛਡ ਵਾਹੋਦਾਹੀ ਬਾਦਸ਼ਾਹ ਅੱਗੇ ਇਨਸਾਫ ਲਈ ਫ਼ਰਿਆਦ ਕਰਨ ਖਾਤਰ ਦਖਣ ਵਲ ਹੋ ਤੁਰੇ। ਇਹ ਵਫ਼ਦ ਬਾਦਸ਼ਾਹ ਪਾਸ ਅਜਮੇਰ ਜਾ ਰੋਇਆ ਪਿਟਿਆ–ਕਾਫ਼ਰਾਂ ਨੇ ਮਾਰ ਮਾਰ ਸਰਹੰਦ ਬਰਬਾਦ ਕਰ ਦਿਤੀ ਹੈ। ਸੱਯਦ ਮੁਗਲ ਪਠਾਣ ਉਘੇ ਉਘੇ ਘਰਾਣੇ ਮਾਰ ਖਪਾਏ ਹਨ। ਮਸੀਤਾਂ ਢਾਹ ਸੁਟੀਆਂ ਹਨ। ਸਮਾਣਾ, ਸਢੌਰਾ ਆਲੀਸ਼ਾਨ ਮੁਸਲਮਾਨੀ ਸ਼ਹਿਰ ਦਰੜ ਸੁਟੇ ਹਨ। ਮੋਮਨਾਂ ਨੂੰ ਕੰਗਾਲ ਬਣਾ ਕੇ ਰਖ ਦਿਤਾ ਹੈ। ਜਮਨਾ ਤੇ ਰਾਵੀ ਦੇ ਵਿਚਕਾਰ ਮੁਗਲੀਆ ਰਾਜ ਦੇ ਪਰਖਚੇ ਉਡਾ ਦਿਤੇ ਹਨ। ਬਹੁਤ ਸਾਰੇ ਮੁਸਲਮਾਨ ਇਸਲਾਮ ਤਿਆਗ ਕੇ ਸਿਖ ਬਣ ਗਏ ਹਨ। ਖ਼ੁਦਾ ਦਾ ਕਹਿਰ ਵਰਤ ਗਿਆ ਹੈ। ਏਨੇ ਮੁਲਕ ਵਿਚ ਕਿਧਰੇ ਅਜ਼ਾਨ ਸੁਣਾਈ ਨਹੀਂ ਦੇਂਦੀ। ਜਗੀਰਾਂ ਖ਼ਤਮ ਕਰ ਕੇ ਜ਼ਮੀਨ ਹਲ-ਵਾਹਕਾਂ ਵਿਚ ਵੰਡ ਦਿਤੀ ਹੈ। ਕਾਫ਼ਰ ਤੇ ਕਾਇਰ ਹਿੰਦੂ ਪਾਹੁਲ ਲੈ ਕੇ ਬੰਦੇ ਨਾਲ ਰਲਦਾ ਜਾਂਦਾ ਹੈ। ਜਿਹੜੇ ਕਲ ਅੱਖਾਂ ਨਹੀਂ ਸਨ ਚੁਕਦੇ, ਸਿੰਘ ਬਣ ਕੇ ਸਾਨੂੰ ਘੂਰ ਘੂਰ ਵੇਖਣ ਲੱਗ ਪਏ ਹਨ। ਬੰਦਾ ਸਿੰਘ ਨੇ ਜਜ਼ੀਆ ਹੁਕਮਨ ਬੰਦ ਕਰ ਦਿੱਤਾ ਹੈ। ਸਰਕਾਰੀ ਖ਼ਜ਼ਾਨੇ ਲੁਟ ਕੇ, ਇਹ ਕਹਿ, ਹਿੰਦੂਆਂ ਵਿਚ ਵੰਡ ਰਿਹਾ ਹੈ ਕਿ ਸਰਕਾਰ ਪਾਸੋਂ ਮੈਂ ਤੁਹਾਡਾ ਦਿਤਾ ਜਜ਼ੀਆ ਵਾਪਸ ਮੁੜਵਾ ਰਿਹਾ ਹਾਂ। ਉਨ੍ਹਾਂ ਤਾਕਤ ਨਾਲ ਵਸੂਲਿਆ ਸੀ, ਖਾਲਸਾ ਆਪਣੇ ਖੋਂਸੜੇ ਨਾਲ ਵਾਪਸ ਕਰਵਾ ਰਿਹਾ ਹੈ। ਅਹਿਦੀਆਂ ਤੇ ਸੱਯਦਾ ਦੀਆਂ ਪਾਲਕੀਆਂ ਕੋਈ ਨਹੀਂ ਚੁਕਦਾ। ਆਮਲਾਂ, ਹਾਕਿਮਾਂ ਤੇ ਸੱਯਦਾਂ ਦੀ ਹਿੰਦੂਆਂ ਵਲੋਂ ਖ਼ਿਦਮਤ ਖ਼ਤਮ, ਜਗੀਰਦਾਰੀ ਤੋੜੀ, ਜਜ਼ੀਆ ਬੰਦ, ਅਜ਼ਾਨ ਤੇ ਰੋਕ, ਈਦ ਤੇ ਗਾਂ ਦੀ ਕੁਰਬਾਨੀ ਦੀ ਮਨਾਹੀ, ਗੋਸ਼ਤ ਲਈ ਗਾਂ ਹਲਾਲ ਕਰਨ ਤੇ ਪਾਬੰਦੀ। ਹਕੂਮਤ ਦਾ ਕੰਮ ਤਾਂ ਤਹਿਸ ਨਹਿਸ ਹੋ ਹੀ ਗਿਆ, ਇਸਲਾਮ ਵੀ ਬਰਬਾਦ। ਮੁਕਦੀ ਗੱਲ, ਹੋਈਆਂ-ਅਣਹੋਈਆਂ ਵਧਾ ਚੜ੍ਹਾ ਝੂਠ ਨਾਲ ਪੂਬ ਲਿੰਬ ਪੋਚ ਕੇ ਦਸੀਆਂ। ਹੋਰ ਤਪਾਇਆ ਕਿ ਜ਼ਿੱਲੇ ਇਲਾਹੀ, ਤੁਹਾਡੀ ਸ਼ਾਹੀ ਹੁਣ ਕਿਥੇ ਰਹੀ ? ਕਾਫਰਾਂ ਦੇ ਦਲਾਂ ਦੀਆਂ ਕਾਂਗਾਂ ਚੜ੍ਹੀਆਂ ਆਉਂਦੀਆਂ ਹਨ। ਜੇ ਰਤਾ ਮਾਸਾ ਵੀ ਦੇਰੀ ਹੋਈ ਤਾਂ ਇਹ ਚੜ੍ਹਿਆ ਸੈਲਾਬ ਹਜ਼ੂਰ ਦੇ ਵੱਡ-ਵਡੇਰਿਆਂ ਵਲੋਂ ਤਲਵਾਰਾਂ ਮਾਰ ਕੇ ਕਾਇਮ ਕੀਤਾ ਹੋਇਆ ਅਸਲਾਮੀ ਰਾਜ, ਪਲਾਂ ਵਿਚ ਰੋੜ੍ਹ ਕੇ ਲੈ ਜਾਵੇਗਾ। ਤੁਸੀਂ ਛੇਤੀ ਕੂਚ ਕਰੋ ਤੇ ਮੁਲਕ ਬਚਾਵੋ। ਐਸਾ ਨਾ ਹੋਵੇ ਕਿ ਤੁਸੀਂ ਇਥੇ ਹੀ ਬੈਠੇ ਰਹਿ ਜਾਵੋ ਤੇ ਉਧਰ ਕਾਫਰ ਦਿਲੀ ਤੇ ਵੀ ਸਰਹੰਦ ਵਾਂਗ ਕਬਜ਼ਾ ਕਰ ਲੈਣ ਤੇ ਹਜ਼ੂਰ ਨੂੰ ਆਪਣੇ ਪੜਦਾਦੇ ਦੇ ਅੱਬਾ ਹਜ਼ੂਰ (ਹਮਾਯੂੰ) ਵਾਂਗ ਮੁਲਕ-ਬਦਰ ਹੋਣਾ ਪਵੇ। ਰਾਜ ਤਾਂ ਮਿਟੇਗਾ ਹੀ, ਨਾਲ ਇਸਲਾਮ ਦੀ ਵੀ ਖ਼ੈਰ ਨਹੀਂ। ਸੁਣ ਕੇ ਬਾਦਸ਼ਾਹ ਤਾਂਬੇ ਵਾਂਗ ਭਖ ਉਠਿਆ।


www.AKJ.org

ਬਾਦਸ਼ਾਹ ਨੇ ਰਾਜਪੂਤ ਬਾਗ਼ੀ ਰਾਜਿਆਂ ਦੀ ਬਗ਼ਾਵਤ ਨੂੰ ਕੁਚਲਣ ਲਈ ਹੋਰ ਉਲਝਣ ਤੇ ਅਟਕਣ ਦੀ ਥਾਂ, ਉਨ੍ਹਾਂ ਨਾਲ ਬੜੀ ਕਾਹਲੀ ਵਿਚ ਸੁਲਾਹ ਦੀਆਂ ਸ਼ਰਤਾਂ ਤੈਅ ਕਰ ਲਈਆਂ ਤੇ ਕੂਚ ਦੀ ਤਿਆਰੀ ਦਾ ਹੁਕਮ ਦੇ ਦਿਤਾ।[੩]

ਰਾਜਪੂਤਾਂ ਨਾਲ ਇੰਜ ਨਿਬੇੜ ਕੇ ਬਹਾਦਰ ਸ਼ਾਹ ਨੇ ਜੂਨ ੧੭੧੦ ਈ: ਦੇ ਅਖ਼ੀਰਲੇ ਦਿਨੀਂ ਅਜਮੇਰੋਂ ਪੰਜਾਬ ਵਲ ਕੂਚ ਕਰ ਦਿਤਾ।

ਕਈ ਹਿੰਦੂ ਰਾਜਪੂਤ ਰਾਜੇ ਬਾਦਸ਼ਾਹ ਤੇ ਮੁਗ਼ਲ ਰਾਜ ਦੀ ਖ਼ੈਰਖ਼ਾਹੀ ਤੇ ਨਮਕ-ਹਲਾਲੀ ਵਿਚ ਏਨੇ ਲੀਨ ਹੋ ਗਏ ਕਿ ਉਹ ਵੀ ਆਪਣੇ ਦਲ ਲੈ ਕੇ ਬਾਦਸ਼ਾਹ ਦੀ ਜੰਗੀ ਸਹਾਇਤਾ ਲਈ ਪੰਜਾਬ ਵਲ ਨਾਲ ਹੀ ਤੁਰ ਪਏ। ਇਨ੍ਹਾਂ ਚੋਂ ਉਘੇ ਛਤਰਸਾਲ ਬੁੰਦੇਲਾ ਤੇ ਉਦੇਤ ਸੈਨ ਬੁੰਦੇਲਾ ਸਨ।[੪]

ਬਾਦਸ਼ਾਹ ਨੇ ਤੇਜ਼ ਰਫ਼ਤਾਰ ਸਵਾਰਾਂ ਰਾਹੀਂ ਸੂਬੇਦਾਰ ਅਲਾਹਾਬਾਦ, ਸੂਬੇਦਾਰ ਲਖਨਊ, ਸੂਬੇਦਾਰ ਮੁਰਾਦਾਬਾਦ, ਸੂਬੇਦਾਰ ਦਿੱਲੀ, ਬਾਹਰਾ[੫] ਸਾਦਾਤ ਦੇ ਸਰਦਾਰ ਸੱਯਦ ਅਬਦੁਲਾ ਨੂੰ ਹੁਕਮ ਜਾਰੀ ਕੀਤੇ ਕਿ ਆਪਣੀਆਂ ਫ਼ੌਜਾਂ ਲੈ ਕੇ ਬਾਦਸ਼ਾਹੀ ਲਸ਼ਕਰ ਨਾਲ ਆਣ ਮਿਲਣ।[੬]

ਜੁਲਾਈ ੧੭੧੦ ਈ: ਵਿਚ ਬਾਦਸ਼ਾਹ ਨੇ ਜ਼ੈਨੁਦੀਨ ਅਹਿਮਦ ਖ਼ਾਨ ਨੂੰ ਸਰਹੰਦ ਦਾ ਗਵਰਨਰ ਥਾਪ ਦਿਤਾ। ਫ਼ਿਰੋਜ਼ ਖਾਂ ਮੇਵਾਤੀ, ਜੋ ਇਕ ਪ੍ਰਸਿਧ ਸੂਰਮਾ ਸੀ, ਮੋਹਰਖੇ ਸੁਰੱਖਿਆ ਦਲ ਦਾ ਕਮਾਂਡਰ ਬਣਾਇਆ ਗਿਆ। ਮੁਹੰਮਦ ਅਮੀਨ ਖ਼ਾਨ, ਜੋ ਮੁਰਾਦਾਬਾਦ ਦਾ ਸੂਬੇਦਾਰ ਸੀ[੭], ਆਪਣੇ ਪੁਤ ਕਮਰੁਦੀਨ ਖ਼ਾਨ (ਪਿਛੋਂ ਇਹ ਦੋਵੇਂ ਪਿਉ ਪੁੱਤ ਵਾਰੋ ਵਾਰੀ ਦਿੱਲੀ ਦੇ ਵਜ਼ੀਰ-ਏ-ਆਜ਼ਮ ਬਣੇ) ਤੇ ਫ਼ੌਜ ਸਮੇਤ ਬਾਦਸ਼ਾਹ ਨੂੰ ਹਰਿਆਣੇ ਵਿਚ ਮਿਲੇ। ਬਾਹਰਾ ਸਾਦਾਤ ਦੇ ਇਕ ਹੋਰ ਜੰਗਜੂ ਸੱਯਦ ਵਜੀਹੁਦੀਨ ਖ਼ਾਨ ਦੇ ਤਹਿਤ ਇਕ ਤਕੜਾ ਸ਼ਕਤੀਸ਼ਾਲੀ ਫ਼ੌਜੀ ਦਸਤਾ ਫ਼ਿਰੋਜ਼ ਖਾਂ ਮੇਵਾਤੀ ਦੀ ਸਹਾਇਤਾ ਲਈ ਅੱਗੇ ਨੂੰ ਤੋਰ ਦਿਤਾ। ਬਾਦਸ਼ਾਹ ਦਿਲੀ ਲਾਗੇ ਪਹੁੰਚ ਚੁਕਾ ਸੀ ਤੇ ਬਾਹਰ ਕੈਂਪ ਵਿਚ ਹੀ ਸੀ। ਢੰਡੋਰਚੀਆਂ ਰਾਹੀਂ ਸਾਰੇ ਲਸ਼ਕਰ ਤੇ ਦਿਲੀ ਸ਼ਹਿਰ ਵਿਚ ਸਖ਼ਤੀ ਨਾਲ ਆਪਣੇ ਹੁਕਮ ਦੀ ਮੁਨਾਦੀ ਕਰ ਦਿਤੀ ਕਿ ਨਾ ਕੋਈ ਲਸ਼ਕਰ ਚੋਂ ਦਿੱਲੀ ਵਲ ਜਾਵੇ ਤੇ ਨਾ ਹੀ ਕੋਈ ਦਿਲੀਉਂ ਬਾਹਰ ਨਿਕਲੇ। ਸੋਨੀਪਤ ਦੀ ਜ਼ਿਮੇਦਾਰੀ ਕੋਕਲਤਾਸ਼ ਨੂੰ ਸੌਂਪੀ ਗਈ।

ਬਹਾਦਰ ਸ਼ਾਹ ਦੇ ਮਨ ਤੇ ਸਿੱਖੀ ਸਰੂਪ ਦਾ ਬੜਾ ਭੈਅ ਬਣ ਚੁਕਾ ਸੀ। ਉਨ੍ਹੀਂ ਦਿਨੀਂ ਹਿੰਦੂ ਵੀ ਸਿੱਖਾਂ ਮੁਸਲਮਾਨਾਂ ਦੇ ਵੇਖੋ ਵੇਖੀ ਦਾੜ੍ਹੀਆਂ ਰਖਦੇ ਸਨ। ਬਾਦਸ਼ਾਹ ਨੂੰ ਤੌਖਲਾ ਸੀ ਕਿ ਕਿਧਰੇ ਸਿਖ ਉਸ ਦੇ ਕੈਂਪ ਵਿਚ ਘੁਸ ਕੇ ਕੋਈ ਨੁਕਸਾਨ ਨਾ ਕਰ ਜਾਣ। ਇਸ ਦੇ ਬਚਾਅ ਵਜੋਂ ਉਸ ਨੇ ਅਰੰਭ ਸਤੰਬਰ ੧੭੧੦ ਈ: ਨੂੰ ਹੁਕਮ ਜ਼ਾਰੀ ਕੀਤਾ ਕਿ ਉਸ ਦੇ ਕੈਂਪ ਵਿਚ ਸਾਰੇ ਹਿੰਦੂ ਦਾੜ੍ਹੀਆਂ ਮੁਨਵਾ ਦੇਣ। ਇਸ ਹੁਕਮ ਦੀ ਫ਼ੌਰਨ ਤਾਮੀਲ ਕੀਤੀ ਗਈ। ਰਸਤੇ ਦੇ ਸਾਰੇ ਨਵਾਬ ਤੇ ਜਾਗੀਰਦਾਰ ਆਪਣੇ ਆਪਣੇ ਦਲ ਤੇ ਮੁਲਖਈਆ ਨਾਲ ਲੈ ਕੇ ਸ਼ਾਹੀ ਲਸ਼ਕਰ ਵਿਚ ਰਲਦੇ ਗਏ। ਹਰ ਕੋਈ ਚਾਹੁੰਦਾ ਸੀ ਕਿ ਉਹ ਬਾਦਸ਼ਾਹ ਤੇ ਇਸਲਾਮ ਦੀ ਵਧ ਚੜ੍ਹ ਕੇ ਸੇਵਾ ਕਰੇ ਅਤੇ ਨਾਮਣਾ ਤੇ ਸਵਾਬ ਖਟੇ। ਹਿੰਦੂ ਵੀ ਪਿਛਾਂਹ ਨਾ ਰਹੇ। ਭਰਤਪੁਰ ਦਾ ਧੜਵੈਲ ਜਾਗੀਰਦਾਰ ਚੂੜਾਮਣ ਜਾਟ ਨੇ ਵੀ ਆਪਣੇ ਸਾਰੇ ਲਾਮ-ਲਸ਼ਕਰ ਸਮੇਤ ਦਿਲੀ ਲਾਗੇ ਪਾਤਸ਼ਾਹ ਦੀ ਸੇਵਾ ਵਿਚ ਫ਼ਰਮਾਂਬਰਦਾਰੀ ਤੇ ਨਮਕ-ਹਲਾਲੀ ਵਜੋਂ ਆਣ ਸਿਰ ਝੁਕਾਇਆ ਤੇ ਸ਼ਾਹੀ ਲਸ਼ਕਰ ਵਿਚ ਸ਼ਾਮਲ ਹੋ ਗਿਆ। ਸ਼ਾਹੀ ਕੈਂਪ ਦਾ ਕੋਈ ਆਰ ਪਾਰ ਨਹੀਂ ਸੀ ਦਿਸਦਾ। ਇਹ ਸਾਰਾ ਲਾ-ਤਾਅਦਾਦ ਲਸ਼ਕਰ ਸਮੇਂ ਦੇ ਹਰ ਤਰ੍ਹਾਂ ਦੇ ਹਥਿਆਰਾਂ, ਅਸਲ੍ਹੇ, ਜਰਾਹਾਂ ਤੇ ਰਸਦ ਪੱਠੇ ਨਾਲ ਲੈਸ ਹੋ ਕੇ, ਹਿੰਦੁਸਤਾਨ ਦੇ ਬਾਦਸ਼ਾਹ ਦੀ ਅਗਵਾਈ ਵਿਚ ਉਨ੍ਹਾਂ ਮਨਚਲਿਆਂ ਆਜ਼ਾਦੀ ਦੇ ਪ੍ਰਵਾਨਿਆਂ ਨਾਲ ਟਕਾਉਣ ਜਾ ਰਿਹਾ ਸੀ, ਜਿਨ੍ਹਾਂ ਪਾਸ ਨਾ ਤਾਂ ਪੂਰੇ ਹਥਿਆਰ, ਨਾ ਹੀ ਗੋਲੀ ਸਿੱਕਾ ਅਤੇ ਨਾ ਹੀ ਰਸਦ-ਪਾਣੀ ਹੀ ਸੀ। ਸਿਰਫ ਦੇਸ਼-ਧਰਮ ਦੀ ਸ਼ਮ੍ਹਾ ਉਤੇ ਭੁਜ ਮਰਨ ਦੀ ਹੀ ਰੀਝ ਸੀ। ਹਿੰਦੁਸਤਾਨ ਦੀ ਬਾਦਸ਼ਾਹੀ, ਐਡਾ ਵਡਾ ਗਿਣਤੀਉਂ ਰਹਿਤ ਲਸ਼ਕਰ ਤੇ ਦੂਜੇ ਪਾਸੇ ਮੁਠੀ ਭਰ ਲੋਕ। ਸਮੇਂ ਦੀਆਂ ਅੱਖਾਂ ਨੇ ਇਤਿਹਾਸ ਵਿਚ ਐਸੇ ਮੁਕਾਬਲੇ ਬਹੁਤ ਘਟ ਵੇਖੇ ਨੇ।


www.AKJ.Org

ਐਡੇ ਵਡੇ ਲਸ਼ਕਰ, ਜਿਸ ਵਿਚ ਬੇਸ਼ੁਮਾਰ ਸਿਪਾਹੀ, ਆਲ੍ਹਾ ਤੋਪਖ਼ਾਨਾ, ਅਗਵਾਈ ਲਈ ਪ੍ਰਸਿਧ ਜਰਨੈਲ, ਚੋਣਵੇਂ ਜੰਗਜੂ, ਸਾਦਾਤ ਬਾਹਰਾ ਦੇ ਸੂਰਬੀਰ ਸੱਯਦਾਂ ਦੇ ਤੁਮਣ ਸਾਥ, ਰਾਜਪੂਤੀ ਸ਼ਾਨ ਵਾਲੇ ਸੂਰਮੇ, ਤੇ ਜਾਟ ਬਹਾਦਰ, ਮਰ ਮਿਟਣ ਲਈ ਕਾਹਲੇ, ਮੁਸਲਮਾਨ ਨਵਾਬ ਆਪਣੀਆਂ ਫੌਜਾਂ ਲੈ ਕੇ ਮਿਲ ਚੁਕੇ, ਰਲ ਚੁਕੇ ਮੁਲਖਈਏ ਦਾ ਕੋਈ ਓੜਕ ਹੀ ਨਹੀਂ, ਏਥੋਂ ਤਕ ਕਿ ਬਾਦਸ਼ਾਹ ਤੇ ਉਸ ਦੇ ਚਾਰੇ ਪੁਤ ਵੀ ਅਗਵਾਈ ਤੇ ਹੌਸਲੇ ਵਧਾਉਣ ਖਾਤਰ ਲਸ਼ਕਰ ਦਾ ਮਰਕਜ਼ ਬਣੇ ਹੋਏ, ਇਸ ਤੋਂ ਵਧ ਮੁਲਾਣਿਆਂ ਮੁਫ਼ਤੀਆਂ ਦੀ ਤਕੜੀ ਧਾੜ ਲਸ਼ਕਰ ਵਿਚ, ਇਸਲਾਮੀ ਜੋਸ਼ ਚਾੜ੍ਹਨ ਤੇ ਹੂਰਾਂ ਬਹਿਸ਼ਤਾਂ ਦੇ ਜਲਵੇ ਦਿਖਾਉਣ ਲਈ ਸਭ ਤੋਂ ਸਰਗਰਮ ਸਿੰਘਾਂ ਦੀ ਤੇਗ ਦੀ ਧਾਂਕ ਦੀਆਂ ਦਾਸਤਾਨਾਂ ਸੁਣ ਸੁਣ ਤੇ ਬੰਦਾ ਸਿੰਘ ਨੂੰ ਮੋਮਨਾਂ ਲਈ ਮਲਕੁਲ ਮੌਤ ਸਮਝ ਕੇ ਦਿਲ ਛਡ ਗਇਆਂ ਨੂੰ ਨਬੀ ਰਸੂਲ ਦੇ ਨਾਂਅ ਦੇ ਵਾਸਤੇ ਪਾ ਪਾ, ਤਾਅਵੀਜ਼ ਲਿਖ ਲਿਖ ਦੇਣ ਤੇ ਇਮਾਮ ਜ਼ਾਮਨ ਡੋਲਿਆਂ ਤੇ ਬੰਨ੍ਹਣ ਲਈ ਮੋਲਵੀ ਮੌਲਾਣਿਆਂ ਦਿਨ ਰਾਤ ਇਕ ਕੀਤਾ ਪਿਆ ਸੀ, ਇਸਮੌਤ ਦੇ ਤੂਫ਼ਾਨ ਨੂੰ ਵੇਖ ਕੇ ਵਾਕਿਆ ਹੀ ਕੋਈ ਹੋਰ ਕੌਮ ਹੁੰਦੀ ਤਾਂ ਦੋ ਮੰਜ਼ਲਾਂ ਅੱਗੇ ਆ ਕੇ ਬਾਦਸ਼ਾਹ ਦੇ ਜਾਹੋ ਜਲਾਲ ਤੋਂ ਡਰਦੀ ਪ੍ਰਾਣਾਂ ਦੀ ਭੀਖ ਮੰਗਦੀ ਤੇ ਸੁਲਾਹ ਲਈ ਲਿਲਕੜੀਆਂ ਲੈਂਦੀ। ਪਰ ਇਹ ਭੂਰਿਆਂ ਵਾਲੇ, ਫ਼ੌਲਾਦ ਦਾ ਜਿਗਰਾ ਰਖਣ ਵਾਲੇ ਲੋਕ ਸਨ ਜਿਨ੍ਹਾਂ ਆਜ਼ਾਦੀ, ਅਣਖ ਤੇ ਦੇਸ਼ ਧਰਮ ਦੇ ਵਕਾਰ ਦੀ ਖ਼ਾਤਰ ਮੌਤ ਨੂੰ ਮਸ਼ਕਰੀਆਂ ਕੀਤੀਆਂ। ਉਹ ਦੁਸ਼ਮਣ ਦੀਆਂ ਵਧ ਰਹੀਆਂ ਮਾਰੂ ਕਾਂਗਾਂ ਨੂੰ ਕੁੰਢੇ ਮੁਛਹਿਰੇ ਤੇ ਰੋਹ ਭਰੀਆਂ ਅੱਖਾਂ ਨਾਲ ਚਟਾਨ ਵਾਂਗੂ ਡਟੇ ਉਡੀਕ ਰਹੇ ਹਨ। ਸਮੇਂ ਦੀ ਬੋਲੀ ਬਹਾਦਰ ਸ਼ਾਹ ਨੂੰ ਸੁਨੇਹਾ ਦੇ ਰਹੀ ਹੈ : ਬਾਦਸ਼ਾਹ ਸਲਾਮਤ, ਜ਼ਰਾ ਸੰਭਲ ਕੇ ! ਅੱਗੇ ਮਠਿਆਈ ਨਹੀਂ ਜੋ ਮੂੰਹ ਭਰ ਕੇ ਬੁਰਕ ਮਾਰ ਲਵੋਗੇ। ਨਿਰੋਲ ਫ਼ੌਲਾਦੀ ਚਣੇ ਹਨ। ਇਹ ਦੰਦ ਵੀ ਭੰਨ ਦੇਣਗੇ ਤੇ ਗਲੋਂ ਵੀ ਥਲੇ ਨਹੀਂ ਉਤਰਨੇ। ਸਾਬਤ ਨਿਗਲ ਲਏ ਤਾਂ ਪਚਣਗੇ ਨਹੀਂ, ਆਂਦਰਾਂ ਪਾੜ ਕੇ ਬਾਹਰ ਆ ਜਾਣਗੇ। ਇਹ ਉਹ ਸਾਹਿਸ-ਹੀਣ, ਅਣਖ-ਹੀਣ ਤੇ ਬਲ-ਹੀਣ ਪੁਤਲੀਆਂ ਨਹੀਂ, ਜੋ ਲੱਖਾਂ ਦੀ ਗਿਣਤੀ ਵਿਚ ਹੁੰਦੇ ਹੋਏ ਵੀ ਤੁਹਾਡੇ ਵਡ-ਵਡੇਰਿਆਂ ਦੀ ਥੋੜੀ ਜਿਹੀ ਗਿਣਤੀ ਮੋਹਰੇ ਭੇਡਾਂ ਵਾਂਗ ਮਿਆਂਕਦੇ ਹੋਏ ਜਾਨ ਬਚਾਉਣ ਦੀ ਖ਼ਾਤਰ ਇਜੜਾਂ ਦੇ ਇਜੜ ਭਜ ਨਿਕਲਦੇ ਸਨ। ਤੁਹਾਡੇ ਗਾਜ਼ੀ ਮਹਿੰਦੀ ਲਾਈ ਤੇ ਗਾਨੇ ਬੰਨ੍ਹੀਂ ਅੱਗੇ ਪਿਆਂ ਮੁਰਦਿਆਂ ਤੁਲ ਹੋਇਆਂ ਨੂੰ ਵਧ ਵਧ ਮਾਰਦੇ ਸਨ ਤੇ ਜਾਮੇ ਵਿਚ ਫੁਲੇ ਨਹੀਂ ਸਨ ਸਮਾਉਂਦੇ ਤੇ ਜਹਾਂ ਪਨਾਹ ! ਤੁਹਾਡੇ ਵਡੇਰੇ ਖੁਸ਼ੀ ਵਿਚ ਨਹੀਂ ਸਨ ਮਿਉਂਦੇ ਤੇ ਬੜੇ ਬੜੇ ਖ਼ਿਤਾਬ ਬਖਸ਼ਦੇ ਸਨ। ਨਿਤ ਜਸ਼ਨ ਹੁੰਦੇ ਸਨ। ਪਰ ਅੱਜ ਤੁਹਾਡੇ ਅੱਗੇ ਨਿਮਾਣੀਆਂ ਪੁਤੱਲੀਆਂ ਨਹੀਂ ਹਨ। ਅੱਜ ਮੋਹਰੇ ਮਿਆਂਕਣ ਵਾਲੀਆਂ ਭੇਡਾਂ ਨਹੀਂ ਹਨ, ਮੈਦਾਨਾਂ ਵਿਚ ਬੁਕਣ ਵਾਲੇ ਸ਼ੇਰ ਹਨ। ਅੱਜ ਜਿਤ ਤੇਗੀਂ ਤੁਲ੍ਹਗੀ। ਇਹ ਗਿਣਤੀਆਂ ਮਿਣਤੀਆਂ ਤੇ ਥੁੜ ਜਾਂ ਅਣਹੋਂਦ ਨੂੰ ਖ਼ਾਤਰ ਵਿਚ ਨਹੀਂ ਲਿਆਉਂਦੇ। ਇਹ ਅਟੇ ਸਟੇ ਸਵਾ ਸਵਾ ਲੱਖ ਨਾਲ ਟਕਰਨ ਤੇ ਗੱਲ ਇਕ ਸਿਰੇ ਲਾ ਦੇਣ ਵਿਚ ਯਕੀਨ ਰਖਦੇ ਹਨ। ਤੇਰੇ ਪਾਸ ਪੌਣੇ ਦੋ ਸੌ ਸਾਲ ਪੁਰਾਣਾ ਤੇ ਸ਼ਕਤੀਸ਼ਾਲੀ ਰਾਜ ਹੈ, ਸਾਰੇ ਹਿੰਦੁਸਤਾਨ ਦਾ ਰਾਜ ; ਇਨ੍ਹਾਂ ਪਾਸ ਮਸਾਂ ਦੋ ਤਿੰਨ ਮਹੀਨੇ ਦੀ ਉਮਰ ਦਾ ਰਾਜ ਹੈ, ਜੋ ਰਿੜ੍ਹਨਾ ਵੀ ਨਹੀਂ ਜਾਣਦਾ। ਪਰ ਫਿਰ ਵੀ ਸ਼ਾਹਾ, ਸੰਭਲ ਕੇ ! ਦਲ਼ਾਂ ਵਿਚ ਨਿਰਾਲੇ ਹੀ ਹੋਣਗੇ ਮੁਕਾਬਲੇ, ਸ਼ਾਹਾ, ਹੋਣੀ ਅੱਜ ਨਾ ਟਲੇ !

ਬਾਦਸ਼ਾਹ ਸਿੱਖਾਂ ਵਲੋਂ ਏਨਾ ਪ੍ਰੇਸ਼ਾਨ ਤੇ ਘਬਰਾਇਆ ਹੋਇਆ ਸੀ ਕਿ ਉਹ ਆਪਣੀ ਰਾਜਧਾਨੀ ਦਿਲੀ ਅੰਦਰ ਵੀ ਨਹੀਂ ਵੜਿਆ। ਕੂਚ ਕਰ ਕੇ ਰਵਾਂ ਰਵੀਂ ਸਿਧਾ ਸੋਨੀਪਤ ਵਲ ਹੋ ਤੁਰਿਆ ਤੇ ਅਕਤੂਬਰ ਦੇ ਆਖ਼ਰੀ ਹਫਤੇ ਏਥੇ ਆਣ ਉਤਰਿਆ। ਉਸ ਨੂੰ ਏਥੇ ਹੀ ਖ਼ਬਰ ਮਿਲੀ ਕਿ ਮੋਹਰਖੇ ਸੁਰੱਖਿਆ ਦਲ ਦੀਆਂ ਸਿਖਾਂ ਨਾਲ ਕੁਝ ਝੜਪਾਂ ਹੋਈਆਂ ਹਨ। ਕਰਨਾਲੋਂ ੨੪ ਕਿਲੋਮੀਟਰ ਉੱਤਰ ਵਿਚ ਅਮੀਨ ਗੜ੍ਹ ਦੇ ਸਥਾਨ ਤੇ ਫ਼ਿਰੋਜ਼ ਖਾਂ ਮੇਵਾਤੀ ਤੇ ਬਿਨੋਦ ਸਿੰਘ ਵਿਚਕਾਰ ਤਕੜੀ ਲੜਾਈ ਹੋਈ ਹੈ। ਫ਼ਿਰੋਜ਼ ਖ਼ਾਂ ਨੇ ਸ਼ਹੀਦ ਹੋ ਚੁਕੇ ਤੇ ਜ਼ਖ਼ਮੀ ਹੋਏ ਸਿੱਖਾਂ ਦੇ ੩੦੦ ਸਿਰ ਕੱਟ ਕੇ ਬਾਦਸ਼ਾਹ ਨੂੰ ਤੁਹਫ਼ੇ ਦੇ ਤੌਰ ਤੇ ਸੋਨੀਪਤ ਘਲਾਏ। ਬਾਦਸ਼ਾਹ ਨੇ ਅਤੀ ਪ੍ਰਸੰਨ ਹੋ ਕੇ ਉਸ ਨੂੰ ਇਕ ਲੱਖ ਰੁਪੈ ਨਕਦ ਇਨਾਮ ਦਿਤਾ ਤੇ ਆਪਣਾ ਪਹਿਲਾ ਫ਼ਰਮਾਨ ਬਦਲ ਕੇ ਜ਼ੈਨੁਦੀਨ ਖ਼ਾਨ ਦੀ ਥਾਂ ਫ਼ਿਰੋਜ਼ ਖ਼ਾਨ ਮੇਵਾਤੀ ਨੂੰ ਸਰਹੰਦ ਦਾ ਗਵਰਨਰ ਬਣਾ ਦਿਤਾ।



www.AKJ.Org

ਫ਼ਿਰੋਜ਼ ਖ਼ਾਂ ਅਗੇ ਵਧਿਆ। ਬਿਨੋਦ ਸਿੰਘ ਤੇ ਰਾਮ ਸਿੰਘ ਨਾਲ ਪਹਿਲਾਂ ਤ੍ਰਾਉੜੀ ਤੇ ਫਿਰ ਥਾਨੇਸਰ ਉਸ ਦੀ ਟੱਕਰ ਹੋਈ। ਦੋਹੀਂ ਥਾਈਂ ਮੇਵਾਤੀ ਦਾ ਪਲਾ ਭਾਰਾ ਰਿਹਾ। ਬਿਨੋਦ ਸਿੰਘ ਤੇ ਰਾਮ ਸਿੰਘ ਪਿਛੇ ਹਟ ਗਏ। ਉਸ ਨੇ ਦੋਹਾਂ ਥਾਵਾਂ ਤੇ ਕਬਜ਼ਾ ਕਰ ਕੇ ਆਪਣੇ ਫੌਜੀ ਅੱਡੇ ਕਾਇਮ ਕਰ ਦਿਤੇ। ਮਾਰੇ ਗਏ ਸਿਖਾਂ ਦੇ ਸਿਰ ਉਸ ਨੇ ਸੜਕ ਦੇ ਦੋਹੀਂ ਪਾਸੀਂ ਰੁਖਾਂ ਨਾਲ ਟੰਗ ਦਿਤੇ, ਤਾਂ ਕਿ ਆਉਂਦੇ ਜਾਂਦੇ ਹੋਰ ਲੋਕਾਂ ਸਮੇਤ ਪਾਤਸ਼ਾਹ ਇਸ ਪਾਸੇ ਨੂੰ ਆਉਂਦਾ ਹੋਇਆ ਉਸ ਦੀ ਕਾਰਗੁਜ਼ਾਰੀ ਤੇ ਬਹਾਦਰੀ ਦਾ ਸਬੂਤ ਅੱਖੀਂ ਵੇਖ ਲਵੇ। ਯਾਦ ਰਹੇ ਕਿ ਇਹ ਜੰਗਜੂ ਸਿੱਖਾਂ ਦੇ ਸਿਰ ਨਹੀਂ ਸਨ, ਸਗੋਂ ਬਹੁਤੇ ਸਿਰ ਪਿੰਡਾਂ ਚੋਂ ਨਵ-ਸਜੇ ਸਿੰਘਾਂ ਦੇ ਸਨ, ਜਿਨ੍ਹਾਂ ਨੂੰ ਕਤਲਾ ਕੇ ਸਿਰ ਟੰਗੇ ਗਏ ਤਾਂ ਕਿ ਲੋਕ ਭੈ-ਭੀਤ ਹੋਣ ਤੇ ਸਿੰਘ ਸੱਜ ਕੇ ਬੰਦਾ ਸਿੰਘ ਨਾਲ ਨਾ ਮਿਲਣ।

ਥਾਨੇਸਰ ਤੋਂ ਅੱਗੇ ਮੇਵਾਤੀ ਸ਼ਾਹਬਾਦ ਵਲ ਵਧਿਆ ਤੇ ਤਕੜੀ ਲੜਾਈ ਪਿਛੋਂ ਇਸ ਨੂੰ ਜਿੱਤ ਕੇ ਕਾਬੂ ਕਰ ਲਿਆ।

ਬਾਦਸ਼ਾਹ ਵੀ ਕੂਚ ਕਰਦਾ ਹੋਇਆ ਪਿਛੇ ਪਿਛੇ ਆ ਰਿਹਾ ਸੀ। ਨਵੰਬਰ ੧੭੧੦ ਈ: ਵਿਚ ਉਹ ਪਾਨੀਪਤ, ਕਰਨਾਲ, ਥਾਨੇਸਰ ਥਾਣੀ ਹੁੰਦਾ ਹੋਇਆ ਸ਼ਾਹਬਾਦ ਅੱਪੜ ਗਿਆ। ਉਸ ਨੇ ਬਰਾੜੇ ਆਪਣਾ ਤੰਬੂ ਲਾ ਦਿਤਾ। ਇਕ ਮਹੀਨੇ ਵਿਚ ਉਸ ਨੇ ਸਿਰਫ ੧੫੦ ਕਿ: ਮੀ: ਦਾ ਪੰਧ ਮੁਕਾਇਆ। ਦਸੰਬਰ ੧੭੧੦ ਈ: ਦੇ ਅਰੰਭ ਵਿਚ ਉਹ ਵਧ ਕੇ ਸਢੌਰੇ ਆ ਗਿਆ ਤੇ ਸਢੌਰੇ ਨੂੰ ਆਪਣੀ ਮੁਹਿੰਮ ਦਾ ਮੁਢ ਬਣਾ ਲਿਆ। ਸ਼ਮਸ ਖਾਂ ਨੇ ਸਰਹੰਦ ਦੇ ਦੁਆਲੇ ਦੇ ਵਸਦੇ ਸਿੱਖਾਂ ਨੂੰ ਕਤਲ ਕਰ ਕੇ ਉਨ੍ਹਾਂ ਦਾ ੩੦੦ ਸਿਰ ਬਾਦਸ਼ਾਹ ਪਾਸ ਸਢੌਰੇ ਪੁਜਦਾ ਕੀਤਾ। ਫ਼ਿਰੋਜ਼ ਖਾਂ ਮੇਵਾਤੀ ਨੂੰ ਇਕ ਨਵਾਂ ਹੋਰ ਹੁਕਮ ਮਿਲਿਆ ਕਿ ਮੁੜ ਸ਼ਾਹੀ ਕਬਜ਼ੇ ਵਿਚ ਆਏ ਇਲਾਕਿਆਂ ਵਿਚੋਂ ਸਿਖਾਂ ਦੇ ਠਾਣੇ ਉਠਾ ਦੇਵੇ ਤੇ ਦਿਲੀ ਸਰਕਾਰ ਦੇ ਠਾਣੇ ਮੁੜ ਬਹਾਲ ਕਰੇ। ਫ਼ਿਰੋਜ਼ ਖ਼ਾਂ ਨੇ ਬੜੀ ਫੁਰਤੀ ਨਾਲ ਇਹ ਹੁਕਮ ਪੂਰਾ ਕੀਤਾ ਤੇ ਮੁਗ਼ਲ ਰਾਜ ਇਕ ਵਾਰ ਫਿਰ ਕਾਇਮ ਹੋ ਗਿਆ। [ਚਲਦਾ]

## ਹਵਾਲੇ ਤੇ ਫੁਟ ਨੋਟ

੧. ਸ਼ਹਿਰ ਪਨਾਹ=ਸ਼ਹਿਰ ਦੇ ਬਚਾਅ ਲਈ ਉੱਚੀ ਕੰਧ, ਜਿਸ ਵਿਚ ਵਡੇ ਵਡੇ ਪੰਜ ਸਤ ਦਰਵਾਜ਼ੇ ਰਖੇ ਜਾਂਦੇ ਸਨ ਤੇ ਸਾਰੀ ਆਵਾ-ਜਾਈ ਇਨ੍ਹਾਂ ਵਿਚ ਦੀ ਹੁੰਦੀ ਸੀ। ਇਹ ਰਾਤ ਪੈਣ ਤੇ ਬੰਦ ਹੋ ਜਾਂਦੇ ਸਨ। ਸ਼ਹਿਰ ਨੂੰ ਦੁਸ਼ਮਣ ਤੋਂ ਬਚਾਉਣ ਲਈ ਵੀ ਇਹ ਦਰਵਾਜ਼ੇ ਬੰਦ ਕਰ ਦਿਤੇ ਜਾਂਦੇ ਸਨ। ਫ਼ਸੀਲ ਉਤੇ ਤੋਪਾਂ ਬੀੜ ਦਿਤੀਆਂ ਜਾਂਦੀਆਂ। ਫੌਜ ਦੇ ਨਾਲ ਸ਼ਹਿਰ ਦੇ ਗੱਭਰੂ ਮੌਕੇ ਦੇ ਹਥਿਆਰ ਲੈ ਕੇ ਦਰਵਾਜ਼ਿਆਂ ਤੇ ਫ਼ਸੀਲ ਦੀ ਰਾਖੀ ਕਰਿਆ ਕਰਦੇ ਸਨ।

ਕਿਲ੍ਹਿਆਂ ਦੁਆਲੇ ਖ਼ੰਦਕਾਂ ਹੁੰਦੀਆਂ ਸਨ, ਜੋ ਆਮ ਤੌਰ ਤੇ ਪਾਣੀ ਨਾਲ ਭਰੀਆਂ ਰਹਿੰਦੀਆਂ ਸਨ। ਬਾਹਰਲੇ ਪਾਸਿਓਂ ਕਿਲ੍ਹੇ ਦੇ ਦਰਵਾਜ਼ੇ ਨੂੰ ਇਕ ਲਕੜੀ ਦੇ ਮਜ਼ਬੂਤ ਪੁਲ ਨਾਲ ਇੰਜ ਮਿਲਾਇਆ ਜਾਂਦਾ ਸੀ ਕਿ ਦੁਸ਼ਮਣ ਦੇ ਹਮਲਾ ਕਰਨ ਸਮੇਂ ਇਹ ਪੁਲ ਰੱਸਿਆਂ ਨਾਲ ਪਿਛਾਂਹ ਖਿਚ ਲਿਆ ਜਾਂਦਾ ਸੀ।

ਖ਼ੰਦਕ ਜਾਂ ਖਾਈ ਵਿਚਲਾ ਪਾਣੀ ਦੋ ਕੰਮ ਦੇਂਦਾ ਸੀ : (੧) ਦੁਸ਼ਮਣ ਰਵਾਂ ਰਵੀਂ ਦੀਵਾਰ ਤੱਕ ਅੱਪੜ ਕੇ ਕੋਈ ਤੋੜ ਫੋੜ ਦੀ ਕਾਰਵਾਈ ਨਹੀਂ ਸੀ ਕਰ ਸਕਦਾ। ਕਮੰਦ ਰਾਹੀਂ ਜਾਂ ਪੌੜੀ ਲਾ ਕੇ ਦੀਵਾਰ ਉਤੇ ਚੜ੍ਹਨਾ ਅਸੰਭਵ ਹੁੰਦਾ ਸੀ। (੨) ਦੁਸ਼ਮਣ ਵਲੋਂ ਕਿਲ੍ਹੇ ਤੋਂ ਦੂਰ ਮੋਰਚਾਲ ਕਾਇਮ ਕਰ ਕੇ, ਕਿਲ੍ਹੇ ਤਕ ਥਲੇ ਥਲੇ ਸੁਰੰਗ ਪੁਟ ਕੇ ਲਿਆਉਣੀ ਤੇ ਫਿਰ ਉਸ ਨੂੰ ਬਰੂਦ ਨਾਲ ਭਰ ਕੇ ਪਲੀਤੇ ਨਾਲ ਉਡਾ ਕੇ ਫ਼ਸੀਲ ਦਾ ਕੁਝ ਹਿੱਸਾ ਡੇਗ ਕੇ (ਜੇ ਚੰਗੀ ਤਰ੍ਹਾਂ ਉੱਡ ਜਾਵੇ) ਕਿਲ੍ਹੇ ਅੰਦਰ ਵੜਨ ਲਈ ਰਾਹ ਬਣਾਇਆ ਜਾਂਦਾ ਸੀ। ਖਾਈ ਵਿਚ ਭਰਿਆ ਪਾਣੀ, ਜੋ ਕਾਫ਼ੀ ਡੂੰਘਾ ਰਖਿਆ ਜਾਂਦਾ ਸੀ, ਸੁਰੰਗ ਨਹੀਂ ਸੀ ਲਗਣ ਦੇਂਦਾ। ਇਸ ਨਾਲ ਫ਼ਸੀਲ ਉੱਡਣੋਂ ਬਚ ਜਾਂਦੀ ਸੀ।

ਅੰਦਰ ਰਸਦ ਪੱਠਾ ਕਾਫ਼ੀ ਮਾਤ੍ਰਾ ਵਿਚ ਜਮ੍ਹਾਂ ਹੋਵੇ ਤਾਂ ਇਹ ਘੇਰੇ ਬੜੀ ਬੜੀ ਦੇਰ ਤੱਕ ਚਲਦੇ ਸਨ। ਜੇ ਅੰਦਰਲਿਆਂ ਵਿਚੋਂ ਕੋਈ ਭਭੀਖਣ ਜਾਂ ਭਾੜਾ ਸਿੰਘ ਦੀ ਭੂਮਿਕਾ ਨਾ ਨਿਭਾਵੇ ਤਾਂ ਘੇਰਾ ਪਾਉਣ ਵਾਲਾ ਅੱਕ



www.AKJ.Org

ਥੱਕ ਕੇ ਸੁਲ੍ਹਾ ਕਰ ਲੈਂਦਾ ਜਾਂ ਬਿਨਾਂ ਸੁਲ੍ਹਾ ਦੇ ਘੇਰਾ ਚੁਕ ਲੈਂਦਾ।

ਸ਼ਹਿਰ ਲਈ ਬਾਹਰਲੀ ਉੱਚੀ ਪੱਕੀ ਮਜ਼ਬੂਤ ਕੰਧ ਸ਼ਹਿਰ-ਪਨਾਹ ਹੁੰਦੀ ਸੀ, ਭਾਵ, ਸ਼ਹਿਰ ਦਾ ਬਚਾਅ ਹੁੰਦੀ ਸੀ, ਅਤੇ ਕਿਲ੍ਹੇ ਦੀ ਸੂਰਤ ਵਿਚ ਉਹਦੀ ਫ਼ਸੀਲ ਤੇ ਖਾਈ ਮਿਲ ਕੇ ਸ਼ਹਿਰ-ਪਨਾਹ ਹੁੰਦੀਆਂ ਸਨ।

ਦਿਲੀ ਦਾ ਲਾਲ ਕਿਲ੍ਹਾ, ਆਗਰੇ ਦਾ ਕਿਲ੍ਹਾ, ਲਾਹੌਰ ਦਾ ਸ਼ਾਹੀ ਕਿਲ੍ਹਾ, ਰੋਹਤਾਸ ਦਾ ਕਿਲ੍ਹਾ ਮਿਸਾਲੀ ਕਿਲ੍ਹੇ ਹਨ। ਇਨ੍ਹਾਂ ਕਿਲ੍ਹਿਆਂ ਦਾ ਸਿਖ ਇਤਿਹਾਸ ਨਾਲ ਵਿਸ਼ੇਸ਼ ਸੰਬੰਧ ਹੋਣ ਕਰਕੇ ਇਨ੍ਹਾਂ ਦੀ ਵਿਸਥਾਰ ਸਹਿਤ ਵਾਕਫ਼ੀ ਦਿਤੀ ਜਾ ਰਹੀ ਹੈ।

ਦਿਲੀ ਤੇ ਆਗਰੇ ਦੇ ਕਿਲ੍ਹਿਆਂ ਦੀਆਂ ਖਾਈਆਂ ਜਮਨਾ ਦੇ ਪਾਣੀ ਨਾਲ ਭਰੀਆਂ ਜਾਂਦੀਆਂ ਸਨ, ਇੰਜ ਹੀ ਲਾਹੌਰ ਦੇ ਕਿਲ੍ਹੇ ਦੀ ਖਾਈ ਰਾਵੀ ਦੇ ਪਾਣੀ ਨਾਲ ਭਰੀ ਜਾਂਦੀ ਸੀ। ਹੁਣ ਖਾਈਆਂ ਦੀ ਹਾਲਤ ਠੀਕ ਨਹੀਂ ਰਹੀ, ਮਾੜੀ ਹਾਲਤ ਵਿਚ ਹਨ। ਲਾਹੌਰ ਦੇ ਕਿਲ੍ਹੇ ਪਾਸੋਂ ਰਾਵੀ ਦਰਿਆ, ਜੋ ਪਹਿਲਾਂ ਨਾਲ ਦੀ ਵਗਦਾ ਸੀ, ਕਾਫ਼ੀ ਦੂਰ ਹਟ ਗਿਆ ਹੈ। ਖਾਈ ਅਟੀ-ਪਟੀ ਹਾਲਤ ਵਿਚ ਅਜੇ ਵੀ ਮੌਜੂਦ ਹੈ ਪਰ ਹੁਣ ਨਾਮ ਦੀ ਹੀ ਖਾਈ ਹੈ।

ਰੋਹਤਾਸ ਦੇ ਕਿਲ੍ਹੇ ਅਸਲ ਵਿਚ ਦੋ ਹਨ। ਇਕ ਰੋਹਤਾਸ ਦਾ ਕਿਲ੍ਹਾ ਜੇਹਲਮ (ਹੁਣ ਪਾਕਿਸਤਾਨ ਵਿਚ) ਦੇ ਜ਼ਿਲੇ ਵਿਚ, ਜੇਹਲਮ ਸ਼ਹਿਰ ਤੋਂ ੧੪ ਕੁ ਮੀਲ ਉੱਤਰ-ਪੱਛਮ ਵਲ ਹੈ। ਇਹ ਕਿਲ੍ਹਾ ਸ਼ੇਰਸ਼ਾਹ ਸੂਰੀ ਨੇ ਸੰਨ ੧੫੪੨ ਈ: ਵਿਚ ਸਵਾ ਚਾਲੀ ਲੱਖ ਰੁਪਇਆ ਖਰਚ ਕੇ ਬਣਵਾਇਆ ਸੀ। (ਤਾਰੀਖ਼ ਦਾਊਦੀ ਵਿਚ ਰੋਹਤਾਸ ਕਿਲ੍ਹੇ ਦੀ ਲਾਗਤ ੮ ਕਰੋੜ ੫ ਲਖ ੫ ਹਜ਼ਾਰ ਅਤੇ ਢਾਈ ਦਾਮ ਲਿਖੀ ਹੈ)। ਕਿਲ੍ਹੇ ਦਾ ਖਿਲਾਰਾ ਢਾਈ ਮੀਲ ਹੈ, ਫ਼ਸੀਲ (ਬਾਹਰਲੀ ਦੀਵਾਰ) ੩੦ ਫੁਟ ਚੌੜੀ, ਤੇ ੩੦' ਤੋਂ ੫੦' ਫੁਟ ਤਕ ਉਚੀ ਹੈ, ਭਾਵ, ਕਿਤੋਂ ੩੦' ਹੈ ਤੇ ਕਿਤੋਂ ੫੦' ਫੁਟ ਹੈ। ਚਾਰੇ ਪਾਸੇ ਦੇ ਬੁਰਜ ੬੮ ਹਨ ਅਤੇ ਦਰਵਾਜ਼ੇ ੧੨ ਹਨ। (ਕਈ ਦਰਵਾਜ਼ੇ ਚੰਗੀ ਹਾਲਤ ਵਿਚ ਨਹੀਂ ਹਨ)। ਵਡੇ ਦਰਵਾਜ਼ੇ ਦੀ ਉਚਾਈ ੭੦ ਫੁਟ ਹੈ। ਇਸ ਕਿਲ੍ਹੇ ਦੇ ਅੰਦਰ ਜੋ ਪਿੰਡ ਵਸਦਾ ਹੈ, ਉਸ ਦਾ ਨਾਮ ਭੀ ਰੋਹਤਾਸ ਹੈ।

ਬੰਗਾਲ ਵਿਚ ਸ਼ੇਰਸ਼ਾਹ ਦਾ ਰੋਹਤਾਸ ਨਾਮ ਦਾ ਕਿਲ੍ਹਾ ਸ਼ਾਹਬਾਦ ਜ਼ਿਲੇ ਵਿਚ ਹੈ। ਉਸੇ ਦੀ ਨਕਲ ਕਰ ਕੇ ਇਹ ਕਿਲ੍ਹਾ (ਜੇਹਲਮ ਵਾਲਾ) ਸ਼ੇਰ ਸ਼ਾਹ ਨੇ ਬਣਵਾਇਆ ਸੀ। ਹੁਣ ਇਸ ਜੇਹਲਮ ਵਾਲੇ ਕਿਲ੍ਹੇ ਦਾ ਹਾਲ ਬੜਾ ਖਸਤਾ ਹੈ। ਸਤਿਗੁਰੂ ਨਾਨਕ ਦੇਵ ਦਾ ਇਕ ਚਸ਼ਮਾ ਇਥੇ ਪਵਿੱਤਰ ਅਸਥਾਨ ਹੈ। ਪਾਕਿਸਤਾਨ ਬਣਨ ਤੋਂ ਪਹਿਲਾਂ ਇਸ ਦੀ ਯਾਤਰਾ ਨੂੰ ਦੂਰ ਦੂਰ ਤੋਂ ਪ੍ਰੇਮੀ ਸਿਖ ਆਉਂਦੇ ਸਨ। ਹੁਣ ਦੀ ਵਾਹਿਗੁਰੂ ਜਾਣੇ ਕਿਸ ਹਾਲਤ ਵਿਚ ਹੈ। ਸ਼ਾਇਦ ਭਾਗਾਂ ਵਾਲੀਆਂ ਅੱਖਾਂ ਹੁਣ ਵੀ ਦਰਸ਼ਨ ਕਰਦੀਆਂ ਹੋਣ।

ਬੰਗਾਲ ਦੇ ਰੋਹਤਾਸ ਸ਼ਬਦ ਦਾ ਮੂਲ ਰੋਹਿਤਾਸ ਹੈ, ਇਥੇ ਹਰਿਸ਼ਚੰਦ੍ਰ ਦੇ ਪੁਤ੍ਰ ਰੋਹਿਤਾਸ੍ਵ ਨੇ (ਜਿਸ ਨੂੰ ਰੋਹਿਤ ਭੀ ਲਿਖਿਆ ਹੈ) ਇਸ ਨਾਮ ਦਾ ਇਕ ਨਗਰ ਵਸਾਇਆ ਸੀ। —ਵੇਖੋ ਮਾਹਨ ਕੋਸ਼

ਰੋਹਤਾਸ ਨਾਮੀ ਦੋਵੇਂ ਕਿਲ੍ਹੇ ਪਹਿਲੇ ਤਿੰਨਾਂ ਕਿਲ੍ਹਿਆਂ ਵਾਂਗ ਹੀ ਹਨ। ਇਨ੍ਹਾਂ ਦੀਆਂ ਖਾਈਆਂ ਵਿਚ ਵੀ ਨਦੀਆਂ ਦਾ ਹੀ ਪਾਣੀ ਭਰੀਦਾ ਸੀ, ਪਹਿਲੇ ਵਿਚ ਜੇਹਲਮ ਦੀ ਇਕ ਸ਼ਾਖ ਦਾ, ਦੂਜੇ ਵਿਚ ਗੰਗਾ ਦੇ ਸਹਾਇਕ ਦਾ, ਜੋ ਚੜ੍ਹਾ ਵੇਲੇ ਗੰਗਾ ਨਾਲ ਇਕ ਹੀ ਹੋ ਜਾਂਦਾ ਹੈ। ਹੁਣ ਦੋਹਾਂ ਦੀ ਹੀ ਹਾਲਤ ਚੰਗੀ ਨਹੀਂ ਹੈ।

ਰੋਹਤਾਸ ਦੇ ਦੋਹਾਂ ਕਿਲ੍ਹਿਆਂ ਦੇ ਟਿਕਾਣੇ ਬਾਰੇ ਅਤੇ ਇਕ ਜਾਂ ਦੋ ਹੋਣ ਬਾਰੇ ਵੀ ਬਹੁਤੇ ਪਰਚਾਰਕ ਸਜਣਾਂ ਨੂੰ ਟਪਲਾ ਲੱਗ ਜਾਂਦਾ ਹੈ। ਕਈ ਬੁਲਾਰਿਆਂ ਵਲੋਂ ਮਹਾਰਾਣੀ ਜਿੰਦਾਂ ਨੂੰ ਅੰਗਰੇਜ਼ਾਂ ਹਥੋਂ ਰੋਹਤਾਸ ਦੇ ਕਿਲ੍ਹੇ ਵਿਚ ਕੈਦ ਦਾ ਤਾਂ ਵਰਨਣ ਕਰ ਦਿਤਾ ਜਾਂਦਾ ਹੈ, ਪਰ ਇਹ ਕਿਲ੍ਹਾ ਕਿਥੇ ਸਥਿਤ ਹੈ, ਇਹ ਪਤਾ ਨਹੀਂ ਹੁੰਦਾ। ਅਹਿਮਦਸ਼ਾਹ ਅਬਦਾਲੀ ਦਾ ਚਾਚਾ ਸਰ ਬਲੰਦ ਖਾਨ ਬੜੇ ਤਕੜੇ ਲਸ਼ਕਰ ਦਾ ਆਗੂ ਬਣ ਕੇ ਸਿੱਖਾਂ ਵਿਰੁਧ ਆਇਆ ਸੀ, ਉਸ ਨੂੰ ਸ: ਚੜ੍ਹਤ ਸਿੰਘ ਨੇ ਕਿਹੜੇ ਰੋਹਤਾਸੋਂ ਫੜਿਆ ਸੀ, ਇਹ ਵੀ ਸਾਧਾਰਨ ਪਾਠਕ ਲਈ ਭੁਲੇਖੇ ਦਾ ਹੀ ਕਾਰਨ ਸੀ। ਇਨ੍ਹਾਂ ਗੁੰਝਲਾਂ ਨੂੰ ਸਾਫ਼ ਕਰਨ ਲਈ ਇਤਨਾ ਵਿਸਥਾਰ ਦੇਣਾ ਪਿਆ ਹੈ, ਭਾਵੇਂ ਅਸਲ ਲੇਖ ਨਾਲ ਇਸ ਦਾ ਸੰਬੰਧ ਨਹੀਂ। ਮੇਰਾ ਇਹ ਨਿਮਾਣਾ ਜਤਨ ਪਾਠਕ ਨੂੰ



www.AKJ.Org

ਜਾਣਕਾਰੀ ਦੇਣਾ ਹੈ, ਬੇੜੇ ਅੜਾਉਣਾ ਨਹੀਂ । —ਸਵਰਨ ਸਿੰਘ

੨. ਸ਼ਾਹ ਨਵਾਜ਼ ਖਾਂ ਦੀ ਕਿਤਾਬ ਮੁਆਸਰੁਲ-ਉਮਰਾ ਭਾਗ ।।।, ਸਫ਼ਾ ੧੨੭,
ਖ਼ਾਫ਼ੀ ਖ਼ਾਨ—ਮੁੰਤਖ਼ਿਬੁਲ-ਲੁਬਾਬ ਭਾਗ ।।, ਸਫ਼ਾ ੬੫੧-੬੦,
ਡਾ: ਹਰੀ ਰਾਮ ਵਲੋਂ ਹਵਾਲੇ ਦਿਤੇ ਗਏ ਆਪਣੀ ਪੁਸਤਕ "ਹਿਸਟ੍ਰੀ ਆਫ਼ ਦੀ ਸਿਖਸ" ਭਾਗ ।।, ਸਫ਼ਾ ੧੬,

ਦਿਲੀ ਦਾ ਬਾਦਸ਼ਾਹ ਬੜੀ ਤਕੜੀ ਫ਼ੌਜ ਨਾਲ ਰਾਜਪੂਤ ਬਾਗੀ ਰਾਜਿਆਂ ਦੇ ਨਾਲ ਲਗਦੇ ਪ੍ਰਾਂਤ ਵਿਚ ਉਨ੍ਹਾਂ ਦੀ ਮੁਹਿੰਮ ਨੂੰ ਲਗ ਪਗ ਸਰ ਕਰ ਚੁਕਾ ਸੀ ਪਰ ਉਨ੍ਹਾਂ ਬਾਗੀ ਰਾਜਿਆਂ ਨਾਲੋਂ ਬਾਦਸ਼ਾਹ ਨੂੰ ਸਿਖਾਂ ਵੱਲੋਂ ਬਹੁਤਾ ਤੌਖਲਾ ਸੀ । ਬਹਾਦਰ ਸ਼ਾਹ ਇਨ੍ਹਾਂ ਰਾਜਿਆਂ ਨੂੰ ਡਰਾ ਵਰਾ ਕੇ ਝਟ ਪਟ ਸੁਲਾਹ ਕਰ, ਤਕੜੇ ਦੁਸ਼ਮਣ ਵਲ ਵਧਣਾ ਚਾਹੁੰਦਾ ਸੀ । ਉਹ ਰਾਜੇ ਬਹੁਤੇ ਦਲੇਰ ਤੇ ਤਕੜੇ ਨਹੀਂ ਜਾਪਦੇ,ਜੋ ਬੁਰੀ ਤਰ੍ਹਾਂ ਫਸੇ ਹੋਏ ਬਾਦਸ਼ਾਹ ਨਾਲ ਝਟ ਸੁਲਾਹ ਤੇ ਉੱਤਰ ਆਏ । ਉਹ ਉਨ੍ਹਾਂ ਦੀ ਆਜ਼ਾਦੀ ਦਾ ਦੁਸ਼ਮਣ ਹੈ, ਪਰ ਇਹ ਉਸ ਦੀ ਮੁਸੀਬਤ ਤੇ ਮੁਸ਼ਕਲ ਨੂੰ ਗੰਭੀਰ ਬਣਾ ਕੇ ਬਹੁਤਾ ਲਾਭ ਲੈਣ ਦੀ ਬਜਾਏ ਉਸ ਦਾ ਕੰਮ ਸੁਖੱਲਾ ਕਰਦੇ ਹਨ ਕਿ ਨਿਸ਼ਚਿੰਤ ਹੋ ਕੇ ਮੁਲਕ ਦੀ ਆਜ਼ਾਦੀ ਲਈ ਜੂਝ ਰਹੇ ਸਿਖਾਂ ਵਿਰੁਧ ਲੜੇ ਤੇ ਇਸ ਲਹਿਰ ਨੂੰ ਨੁਕਸਾਨ ਪਹੁੰਚਾ ਕੇ ਸਿਰਿਓਂ ਹੀ ਖ਼ਤਮ ਕਰ ਦੇਵੇ । ਇਨ੍ਹਾਂ ਮੂੜ ਮਤ ਰਾਜਿਆਂ ਰਾਣਿਆਂ ਨੂੰ ਇਹ ਨਹੀਂ ਸੀ ਪਤਾ ਕਿ ਜਿਹੜੀ ਸਿਖ-ਸ਼ਕਤੀ ਨੇ ਬੰਦਾ ਸਿੰਘ ਬਹਾਦਰ ਦੀ ਅਗਵਾਈ ਥਲੇ ਮੁਗ਼ਲ ਰਾਜ ਨੂੰ ਦਿਨੇ ਤਾਰੇ ਵਿਖਾ ਦਿਤੇ ਸਨ, ਬਾਦਸ਼ਾਹ ਜੇ ਉਨ੍ਹਾਂ ਨੂੰ ਦਬਾ ਦੇਣ ਵਿਚ ਸਫਲ ਹੋ ਜਾਂਦਾ ਹੈ ਤਾਂ ਉਹ ਵੇਹਲਾ ਹੋ ਕੇ ਇਨ੍ਹਾਂ ਰਾਜਿਆਂ ਦਾ ਘੂਰ ਨਾ ਕੱਢ ਛਡੇਗਾ । ਸਪਸ਼ਟ ਹੈ ਕਿ ਮੁਗਲ ਬਾਦਸ਼ਾਹ ਇਨ੍ਹਾਂ ਰਾਜਿਆਂ ਨੂੰ ਸਿੱਖਾਂ ਦੇ ਮੁਕਾਬਲੇ ਤੇ ਕੀ ਸਮਝਦਾ ਸੀ । ਉਸਦੀ ਨਿਗਾਹ ਵਿਚ ਮੁਗਲ ਹਕੂਮਤ ਨੂੰ ਸਭ ਤੋਂ ਜ਼ਿਆਦਾ ਖ਼ਤਰਾ ਸਿੱਖਾਂ ਤੋਂ ਸੀ ਜਿਨ੍ਹਾਂ ਦੀ ਸ਼ਕਤੀ ਇਕ ਯੋਗ ਆਗੂ ਥਲੇ ਦਿਨ ਬਦਿਨ ਵਧ ਰਹੀ ਸੀ ।

ਸਭ ਤੋਂ ਅਚੰਭੇ ਵਾਲੀ ਗੱਲ ਇਹ ਕਿ ਇਨ੍ਹਾਂ ਰਾਜਿਆਂ ਨੇ ਬਹਾਦਰ ਸ਼ਾਹ ਨਾਲ ਸੁਲਾਹ ਹੀ ਨਹੀਂ ਕੀਤੀ, ਸਗੋਂ ਇਨ੍ਹਾਂ ਚੋਂ ਕਈਆਂ ਨੇ ਇਸ ਵਲੋਂ ਹੋ ਕੇ ਸਿਖਾਂ ਵਿਰੁਧ ਲੜਨ ਦੀ ਸੇਵਾ ਵੀ ਆਪਣੇ ਸਿਰ ਲਈ । ਚਤਰਸਾਲ ਬੰਦੇਲੇ ਤੇ ਉਦੇਤ ਸੈਨ ਵਰਗੇ ਆਪਣੀਆਂ ਫ਼ੌਜਾਂ ਲੈ ਕੇ ਬਾਦਸ਼ਾਹ ਦੇ ਨਾਲ ਹੀ ਹੋ ਤੁਰੇ, ਤਾਕਿ ਸਿਖਾਂ ਵਿਰੁਧ ਬਾਦਸ਼ਾਹ ਦੀ ਜਿੱਤ ਲਈ ਸਹਾਈ ਹੋ ਸਕਣ । ਮੁਗਲ ਸਾਮਰਾਜ ਨੂੰ ਖ਼ਤਮ ਕਰਨ ਲਈ ਕੌਣ ਸਿਰੋਂ ਪਰੇ ਜ਼ੋਰ ਲਾ ਰਿਹਾ ਸੀ ਤੇ ਇਸ ਗੁਲਾਮੀ ਨੂੰ ਸਦਾ ਲਈ ਪੱਕਿਆਂ ਕਰਨ ਲਈ ਕੌਣ ਕੋਸ਼ਿਸ਼ ਕਰ ਰਿਹਾ ਸੀ, ਇਸ ਘਟਨਾ ਤੋਂ ਭਲੀ ਭਾਂਤੀ ਸਪਸ਼ਟ ਹੋ ਜਾਂਦਾ ਹੈ । —ਸਵਰਨ ਸਿੰਘ

੪. ਮੁਆਸਿਰੁਲ ਉਮਰਾ, ਭਾਗ ।।, ਪੰਨਾ ੫੧੨,

੫. ਸਾਦਾਤ ਬਾਹਰਾ ਜਾਂ ਬਾਹਰਾ ਸਾਦਾਤ ਇਕ ਹੀ ਗੱਲ ਹੈ । ਅਜੋਕੇ ਜ਼ਿਲਾ ਮੁਜ਼ੱਫਰ ਨਗਰ ਵਿਚ ਇਹ ਸਯਦਾਂ ਦੇ ੧੨ ਪਿੰਡ ਹਨ ਤੇ ਇਹ ਸਾਰਾ ਇਲਾਕਾ ਸੱਯਦਾਂ ਦਾ ਬਾਹਰਾ ਅਖਵਾਉਂਦਾ ਹੈ । ਇਹ ਸੱਯਦ ਬੜੇ ਸੂਰਬੀਰ ਹੋਏ ਹਨ ਤੇ ਆਪਣੇ ਸਮੇਂ ਇਨ੍ਹਾਂ ਦੀ ਤਲਵਾਰ ਦੀ ਧਾਂਕ ਸੀ ਤੇ ਸਾਰਿਆਂ ਤੋਂ ਇਨ੍ਹਾਂ ਨੇ ਆਪਣਾ ਲੋਹਾ ਮਨਵਾਇਆ । ਇਹ ਲੜਾਈ ਵੇਲੇ ਮੋਹਰਲੀਆਂ ਸਫਾਂ ਵਿਚ ਹੁੰਦੇ ਸਨ ਤੇ ਤੇਗਾਂ ਤੀਰਾਂ ਤੇ ਬੰਦੂਕਾਂ ਦੇ ਫਟ ਸੀਨਿਆਂ ਤੇ ਖਾਂਦੇ ਸਨ । ਇਹ ਹਮੇਸ਼ਾ ਸਿਰ ਤੇ ਕਫ਼ਨ ਬੰਨ੍ਹ ਕੇ ਲੜਦੇ । ਇਨ੍ਹਾਂ ਦੀ ਪ੍ਰਸਿਧੀ ਕੁਝ ਇਸ ਤਰ੍ਹਾਂ ਦੀ ਬਣ ਗਈ ਸੀ ਕਿ ਜਿਸ ਮੁਹਿੰਮ ਵਿਚ ਇਹ ਸ਼ਾਮਲ ਹੋ ਜਾਣ, ਉਸ ਵਿਚ ਇਨ੍ਹਾਂ ਦੇ ਪਾਸੇ ਦੀ ਜਿੱਤ ਯਕੀਨੀ ਹੋ ਜਾਂਦੀ ਸੀ । ਇਨ੍ਹਾਂ ਨੇ ਮੁਗਲ ਰਾਜ ਦੀ ਖ਼ਾਤਰ ਬੜੀਆਂ ਤਲਵਾਰਾਂ ਮਾਰੀਆਂ ਸਨ ਤੇ ਵਡੀਆਂ ਵਡੀਆਂ ਮੁਹਿੰਮਾਂ ਸਰ ਕਰਨ ਵਿਚ ਵੱਡੇ ਮੁਰੈਲ ਰਹੇ ਸਨ । ਇਹ ਬਾਹਰਾ ੧੨ ਪਿੰਡਾਂ ਦਾ ਸਮੁਦਾਇ ਨਿਰੋਲ ਸੱਯਦਾਂ ਦਾ ਸੀ ।

ਦੋਵੇਂ ਬਾਦਸ਼ਾਹ ਗਰ ਭਾਈ ਵੀ ਇਥੋਂ ਦੇ ਹੀ ਸਨ, ਜਿਨ੍ਹਾਂ ਵਿਚ ਸੱਯਦ ਅਬਦੁਲਾ ਬਹੁਤ ਪ੍ਰਸਿਧ ਸੀ । ਇਨ੍ਹਾਂ ਨੇ ਮੁਗਲ ਘਰਾਣੇ ਚੋਂ ਜਿਸ ਨੂੰ ਚਾਹਿਆ ਤਖ਼ਤ ਤੇ ਬਿਠਾ ਦਿਤਾ ਤੇ ਜੋ ਉਨ੍ਹਾਂ ਦੀ ਮਰਜ਼ੀ ਨਾਲ ਨਾ ਚਲਿਆ, ਤਲਵਾਰ ਦੇ ਘਾਟ ਉਤਾਰ ਕੇ ਕਬਰ ਵਿਚ ਪਾ ਦਿਤਾ । ਬਹਾਦਰ ਸ਼ਾਹ ਤੋਂ ਲੈ ਕੇ ਉਸ ਦੇ



www.AKJ.Org

ਪੁਤਰਾਂ ਫ਼ਰਖ਼ਸੀਅਰ ਤੇ ਮੁਹੰਮਦ ਸ਼ਾਹ ਦੇ ਅਰੰਭ ਕਾਲ ਤਕ ਇਨ੍ਹਾਂ ਦਾ ਬੜਾ ਜ਼ੋਰ ਸੀ। ਅਸਲ ਵਿਚ ਇਹੋ ਹੀ ਬਾਦਸ਼ਾਹ ਸਨ ਤੇ ਇਨ੍ਹਾਂ ਦਾ ਹੀ ਸਿੱਕਾ ਚਲਦਾ ਹੁੰਦਾ ਸੀ। ਇਹ ਦੋਵੇਂ ਭਰਾ ਜਦ ਤਕ ਮਾਰੇ ਨਹੀਂ ਗਏ, ਬਾਦਸ਼ਾਹੀ ਕੰਮਾਂ ਵਿਚ ਆਪਣੀ ਮਨਮਰਜ਼ੀ ਕਰਦੇ ਰਹੇ। ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਤੋਂ ਬਾਅਦ ਇਨ੍ਹਾਂ ਦਾ ਜ਼ੋਰ ਬਿਲਕੁਲ ਟੁਟ ਗਿਆ।

ਬੰਦਾ ਸਿੰਘ ਬਹਾਦਰ ਦੇ ਵਿਰੁਧ ਮੁਹਿੰਮ ਕਾਮਯਾਬ ਕਰਨ ਲਈ ਇਨ੍ਹਾਂ ਦਾ ਸ਼ਾਮਲ ਕੀਤਾ ਜਾਣਾ ਗੋਇਆ ਜਿੱਤ ਦੀ ਜ਼ਮਾਨਤ ਸੀ।

੬. ਮੁਹੰਮਦ ਹਾਦੀ ਕਾਮਵਰ ਖ਼ਾਨ–ਤਜ਼ਕ੍ਰਾਤੁਲ ਸਲਾਤੀਨ ਚੌਗਤੀਆ, ਇਹ ਸ਼ਖਸ ਇਸ ਮੁਹਿੰਮ ਵਿਚ ਆਪ ਸ਼ਾਮਲ ਸੀ। ਇਸ ਨੇ ਅੱਖੀਂ ਡਿਠੇ ਹਾਲ ਲਿਖੇ ਹਨ। ਇਸ ਕਿਤਾਬ ਤੇ ਕਰਤੇ ਦਾ ਹਵਾਲਾ ਸ: ਕਰਮ ਸਿੰਘ ਹਿਸਟੋਰੀਅਨ ਨੇ ਆਪਣੀ ਪੁਸਤਕ "ਬੰਦਾ ਕੌਨ ਥਾ" ਉਰਦੂ ਵਿਚ ਦੇ ਸਫਾ ੨੪-੨੫ ਤੇ ਦਿਤਾ ਹੈ।

੭. ਖ਼ਾਫ਼ੀ ਖ਼ਾਨ–ਮੁੰਤਖ਼ਿਬੁਲ-ਲੁਬਾਬ ਭਾਗ ॥, ਪੰਨਾ ੬੬੯.

## ਮਾਰਚ ਸੂਰਾ ਵਿਚ ਇਸੇ ਲੇਖ ਦੀ ਸਤਵੀਂ ਕਿਸ਼ਤ ਵਿਚ ਛਪੀਆਂ ਕੁਝ ਸੋਧਾਂ

| ਪੰਨਾ | ਸਤਰ | ਅਸ਼ੁਧ | ਸ਼ੁਧ |
|---|---|---|---|
| ੨੮ | ਹੇਠੋਂ ੩ | ਖ਼ਵਾਜਾ ਮਾਸੂਮ-ਟੱਬਰ | ਖ਼ਵਾਜਾ ਮਾਸੂਮ ਦੇ ਟੱਬਰ |
| ੨੯ | ੪ | ੨੮੪ ਪਰਗਣੇ | ੨੮ ਪਰਗਣੇ |
| ੩੧ | ਹੇਠੋਂ ੯ | ਗਿਲਾ ਮੁਆਫ਼ | ਹਾਲਾ ਮੁਆਫ਼ |
| ੩੨ | ੮ | ਜੂਨ ੧੭ ੦ | ਜੂਨ ੧੭੧੦ |
| ,, | ੧੮ | ਤਾਅ ਨ ਲਿਆ ਸਕੇ | ਤਾਬ ਨ ਲਿਆ ਸਕੇ |
| ੩੩ | ੧੯ | ਹਿਸਾਬ ਸਾਂਝਾ | ਹਿਸਾਬ ਸਾਵਾਂ |

[ਸਫਾ ੪੨ ਦੀ ਬਾਕੀ]

ਅਜ ਅਸਾਂ ਗੁਰੂ ਹੁਕਮਾਂ ਨੂੰ ਵਿਸਾਰ ਕੇ ਉਹ ਬਿਪਰਨ ਰੀਤਾਂ ਅਪਣਾ ਲਈਆਂ ਹਨ ਜਿਹਨਾਂ ਤੋਂ ਗੁਰੂ ਸਾਹਿਬ ਨੇ ਸਾਨੂੰ ਹੋੜਿਆ ਸੀ। ਜਿਸਦਾ ਫਲ ਸਰੂਪ ਖਾਲਸੇ ਨੂੰ ਦੂਸਰੇ ਦੀਆਂ ਬਹੂ-ਬੇਟੀਆਂ ਦੀ ਪੱਤ ਬਚਾਉਣ ਦੀ ਬਜਾਇ ਆਪਣੀ ਪੱਤ ਦਾ ਫ਼ਿਕਰ ਪਿਆ ਹੋਇਆ ਹੈ। ਕੌਮ ਦੀ ਪੱਗ ਰੁੱਲ ਰਹੀ ਹੈ। ਅਸੀਂ ਆਪਣੀਆਂ ਕਾਲੀਆਂ ਕਰਤੂਤਾਂ ਕਾਰਨ ਦੇਸ-ਪ੍ਰਦੇਸਾਂ ਵਿਚ ਬਦਨਾਮ ਹੋ ਰਹੇ ਹਾਂ, ਅਤੇ ਗੁਰਮਤਿ ਗਾਡੀ ਰਾਹ ਛੱਡ ਕੇ ਪਗਡੰਡੀਆਂ ਤੇ ਚੜ੍ਹ ਕੇ ਠੇਡੇ ਖਾ ਰਹੇ ਹਾਂ। ਜੀਭ ਰਸ, ਚੁੰਚ ਗਿਆਨ, ਫੈਸ਼ਨ-ਖ਼ੁਸਤੀ ਵਿਚ ਗਲਤਾਨ ਤੇ ਵਿਸ਼ੇ ਵਿਕਾਰਾਂ ਵਿਚ ਫਸ ਕੇ ਧੱਕੇ ਖਾ ਰਹੇ ਹਾਂ।

ਆਓ, ਗੁਰੂ-ਹੁਕਮਾਂ ਨੂੰ ਵਿਚਾਰੀਏ ਅਤੇ ਗੁਰ-ਹੁਕਮਾਂ ਦੀ ਕਮਾਈ ਕਰੀਏ। ਗੁਰੂ-ਹੁਕਮਾਂ ਤੇ ਚਲਦੇ ਹੋਇਆਂ ਪੁਰਾਤਨ ਗੁਰੂ ਖਾਲਸੇ ਵਾਲੀ ਪ੍ਰੰਪਰਾ ਨੂੰ ਸੁਰਜੀਤ ਕਰੀਏ ਅਤੇ ਸੱਚ ਤੇ ਬਹਾਦਰੀ ਦੀ ਮੂਰਤ ਹੋਣ ਦਾ ਫਿਰ ਤੋਂ ਪੱਕਾ ਇਰਾਦਾ ਕਰ ਲਈਏ।

## ਸ਼ਹੀਦ ਗੰਜ (ਬੀ ਬਲਾਕ) ਅੰਮ੍ਰਿਤਸਰ ਵਿਖੇ ਸਮਾਗਮ ਲਈ ਤੇ ਸਕੂਲ ਲਈ ਲੋੜਾਂ

**੧੯੭੮ ਵੈਸਾਖੀ ਦੇ ੧੩ ਸ਼ਹੀਦਾਂ ਦੇ ਅਸਥਾਨ ਤੇ ਐਤਕੀ ਵੈਸਾਖੀ ਤੇ ਰੈਣ ਸਬਾਈ ਕੀਰਤਨ ਸਮਾਗਮ ਸਮੇਂ ਭਾਰੀ ਇਕੱਠ ਹੋਇਆ, ੨੧੩ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਗੁਰਦਵਾਰਾ ਸਾਹਿਬ ਵਿਖੇ ਪਲੱਸਤਰ, ਦਰਵਾਜਿਆਂ, ਬਿਜਲੀ, ਲੰਗਰ-ਅਸਥਾਨ ਤੇ ਰਿਹਾਇਸ਼ੀ ਕਮਰਿਆਂ ਦੀ ਲੋੜ ਨੂੰ ਮਹਿਸੂਸ ਕੀਤਾ ਗਿਆ। ਬਚਿਆਂ ਲਈ ੧੦+੨ ਦਾ ਸਕੂਲ ਇਥੇ ਜਾਰੀ ਕੀਤਾ ਗਿਆ ਹੈ। ਪ੍ਰਾਇਮਰੀ ਕਲਾਸਾਂ ਅਰੰਭ ਹਨ। ਸਕੂਲ ਵਿਚ ਗੁਰਮਤਿ ਵਿਦਿਆ, ਕੀਰਤਨ, ਟੈਕਨੀਕਲ ਟ੍ਰੇਨਿੰਗ ਰਾਹੀਂ ਸਯੋਗ ਤੇ ਨਮੂਨੇ ਦੇ ਗੁਰਸਿਖ ਵਿਦਿਆਰਥੀ ਬਣਾਏ ਜਾਣ ਲਈ ਉਪਰਾਲਾ ਹੈ। ਬੱਚਿਆਂ ਨੂੰ ਘਰਾਂ ਤੋਂ ਲਿਆਉਣ ਲਈ ਮਿਨੀ ਬਸ ਵੀ ਲੋੜ ਹੈ। ਸਭ ਕਾਰਜਾਂ ਲਈ ਮਾਇਆ ਦੇਸ਼ਾਂ ਪ੍ਰਦੇਸ਼ਾਂ ਚੋਂ ਭੇਜ ਕੇ ਕੌਮ ਦੀ ਉਸਾਰੀ ਕਰੋ ਜੀ।**

**ਸੰਗਤਾਂ ਦਾ ਦਾਸਰਾ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਅੰਮ੍ਰਿਤਸਰ**

www.AKJ.Org

# ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ

[ਸ: ਮਦਨ ਸਿੰਘ ਜੀ, 11-ਅਪਾਲੋ-ਵੇ, ਪੈਰੀ ਬਾਰ, ਬਰਮਿੰਘਮ-20, 3ND, ਯੂ. ਕੇ.]

ਵੈਸਾਖੀ ਵਾਲੇ ਦਿਨ ਖਾਲਸਾ ਸਾਜਣ ਦੀ ਇਤਿਹਾਸਕ ਘਟਨਾ ਭਾਵੇਂ ਨਵੀਂ ਤੇ ਅਨੋਖੀ ਸੀ, ਪਰੰਤੂ ਇਹ ਅਚਾਨਕ ਨਹੀਂ ਸੀ। ਲਤਾੜੀ, ਪਛਾੜੀ ਤੇ ਜ਼ੁਲਮ ਸਹਿੰਦੀ ਭਾਰਤੀ ਕੌਮ ਨੂੰ ਨਵਾਂ ਖਾਲਸਈ ਰੂਪ ਦੇਣ ਵਿਚ ਦਸ ਗੁਰੂ ਸਾਹਿਬਾਨ ਦੀ ਦੈਵੀ ਅਗਵਾਈ ਵਿਚ, ਦੋ ਸੌ ਨੌਂ ਸਾਲਾਂ ਦੀਆਂ ਨਿਰੰਤਰ ਘਾਲਣਾਂ ਦਾ ਸਦਕਾ ੧੬੯੯ ਦੀ ਵਿਸਾਖੀ ਨੂੰ ਖਾਲਸਾ ਪੰਥ ਦੀ ਸਿਰਜਨਾ ਦਾ ਸੁਪਨਾ ਸਾਕਾਰਾ ਹੋਇਆ। ਖਾਲਸੇ ਦੀ ਸਿਰਜਨਾ ਦਾ ਮਨੋਰਥ ਗੁਰੂ ਕੇ ਸਿਖਾਂ ਨੂੰ ਦੈਵੀ ਮਨੁਖੀ ਗੁਣਾਂ ਨਾਲ ਭੂਸ਼ਤ ਕਰ ਕੇ ਪੂਰਨ ਮਨੁਖ ਬਣਾਉਣਾ ਸੀ। ਜਿਥੇ ਖਾਲਸਾ ਪੰਜ-ਕਕਾਰੀ ਰਹਿਤ ਦਾ ਧਾਰਨੀ ਹੋ ਕੇ ਤਿਆਰ-ਬਰ-ਤਿਆਰ ਸਿਪਾਹੀ-ਸੂਰਮਾ ਬਣਿਆ ਉਥੇ ਉਹ ਨਾਮ ਬਾਣੀ ਦੀ ਕਮਾਈ ਨਾਲ ਸਰਸ਼ਾਰ ਹੋ ਕੇ ਪੂਰਨ ਸੰਤ ਹੋ ਨਿਬੜਿਆ। ਖ਼ਾਲਸੇ ਦੀ ਤੇਗ ਮਨੁਖ ਮਾਤਰ ਦੀ ਇਜ਼ਤ ਅਤੇ ਅਣਖ ਦੀ ਜ਼ਮਾਨਤ ਦਾ ਚਿੰਨ੍ਹ ਹੈ, ਪਰ ਇਸ ਨੂੰ ਤੰਗ ਕਰਨ ਵਾਲਿਆਂ ਲਈ ਇਹ ਕਾਲ ਦਾ ਰੂਪ ਵੀ ਹੈ।

੧੬੯੯ ਵਿਸਾਖੀ ਵਾਲੇ ਦਿਨ ਸਿੱਖਾਂ ਦੇ ਇਰਾਦੇ ਦੀ ਪਰਖ ਕਰਨ ਲਈ ਜਿਹੜਾ ਪਰਚਾ ਗੁਰੂ ਗੋਬਿੰਦ ਸਿੰਘ ਜੀ ਨੇ ਪਾਇਆ ਸੀ, ਉਹ ਪਰਚਾ ਗੁਰੂ ਨਾਨਕ ਪਾਤਸ਼ਾਹ ਤਿਆਰ ਕਰ ਗਏ ਹਨ। ਸਾਹਿਬਾਂ ਨੇ ਫੁਰਮਾਇਆ—

> ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
> ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥੨੦॥ (ਪੰਨਾ ੧੪੧੨)

ਅਤੇ ਪੰਜਵੀਂ ਜੋਤ ਗੁਰੂ ਅਰਜਨ ਪਾਤਸ਼ਹ ਨੇ ਡੰਕੇ ਦੀ ਚੋਟ ਤੇ ਸਿਖਾਂ ਨੂੰ ਵੰਗਾਰਿਆ :—

> ਪਹਿਲਾਂ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
> ਹੋਹਿ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥੨੩॥ (ਪੰਨਾ ੧੧੦੨)

ਇਸ ਗੁਰੂ ਫੁਰਮਾਨ ਦੀ ਪ੍ਰੋੜ੍ਹਤਾ ਡਾਕਟਰ ਗੋਕਲ ਚੰਦ ਨਾਰੰਗ ਨੇ ਆਪਣੀ ਪੁਸਤਕ 'ਸਿਖ ਮਤ ਦਾ ਪ੍ਰੀਵਰਤਨ', ਵਿਚ ਇਉਂ ਕੀਤੀ ਹੈ :—

> "ਗੁਰੂ ਗੋਬਿੰਦ ਸਿੰਘ ਸਮੇਂ ਵਿਗਸਣ ਵਾਲਾ ਬੀਜ ਗੁਰੂ ਨਾਨਕ ਨੇ ਬੀਜਿਆ ਸੀ ਅਤੇ ਉਹਨਾਂ ਦੇ ਉਤਰਾ ਅਧਿਕਾਰੀਆਂ ਨੇ ਸਿੰਜਿਆ ਸੀ। ਉਹ ਤੇਗ, ਜਿਸ ਨੇ ਖਾਲਸੇ ਦੀ ਪ੍ਰੀਤਿਸ਼ਠਾ ਦਾ ਮਾਰਗ ਬਣਾਇਆ, ਨਿਰਸੰਦੇਹ ਗੁਰੂ ਗੋਬਿੰਦ ਸਿੰਘ ਨੇ ਢਾਲੀ ਸੀ। ਪ੍ਰੰਤੂ ਉਸ ਦਾ ਫ਼ੌਲਾਦ ਗੁਰੂ ਨਾਨਕ ਨੇ ਪਰਦਾਨ ਕੀਤਾ ਸੀ, ਜਿਹੜਾ ਕਿ ਮਾਨੋ ਉਹਨਾਂ ਹਿੰਦੂ ਖਣਿਜ ਨੂੰ ਢਾਲ ਕੇ ਲੋਕਾਂ ਵਿਚੋਂ ਜੜ੍ਹਤਾ ਅਤੇ ਵਹਿਮ-ਪ੍ਰਸਤੀ ਤਥਾ ਪੁਜਾਰੀਆਂ ਦੇ ਦੰਭ ਤੇ ਪਾਖੰਡ ਦੀ ਮੈਲ ਨੂੰ ਕੱਢ ਕੇ ਤਿਆਰ ਕੀਤਾ ਸੀ।"

ਇਸੇ ਤਰ੍ਹਾਂ ਪ੍ਰਸਿਧ ਅੰਗਰੇਜ਼ ਇਤਿਹਾਸਕਾਰ ਕਨਿੰਘਮ ਤੇ ਇੰਦੂ ਭੂਸ਼ਣ ਨੇ ਉਪਰ ਲਿਖੇ ਖਿਆਲ ਦੀ ਪੁਸ਼ਟੀ ਆਪਣੀਆਂ ਪੁਸਤਕਾਂ ਵਿਚ ਕੀਤੀ ਹੈ। ਸਪਸ਼ਟ ਹੈ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਹਨ, ਪਰੰਤੂ ਉਹਨਾਂ ਦੇ ਚਲਾਏ ਪ੍ਰੋਗਰਾਮ ਨੂੰ ਦਸਵੇਂ ਪਾਤਸ਼ਾਹ ਨੇ ਆਖਰੀ ਰੂਪ ਦਿਤਾ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤੀ, ਜਿਸਦਾ ਸੰਕੇਤ ਗੁਰੂ ਨਾਨਕ ਪਾਤਸ਼ਾਹ ਤੇ ਹੋਰ ਗੁਰੂ ਸਾਹਿਬਾਨ ਪਹਿਲੋਂ ਹੀ ਦੇ ਗਏ ਸਨ। ਜਿਵੇਂ ਕਿ :—ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (੯੪੩) ਗੁਰੂ ਨਾਨਕ ਦਾ ਫੁਰਮਾਨ ਹੈ।

ਅਤੇ ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਦਾ ਨਟ ਦੀਆਂ ਅਸ਼ਟਪਦੀਆਂ ਵਿਚ ਕਥਨ ਹੈ :—

> ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
> ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ (ਪੰਨਾ ੯੮੨)

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਜ਼ੁਲਮ ਹੱਦ ਬੰਨੇ ਟੱਪ ਚੁਕਿਆ ਸੀ। ਬਾਹਰੋਂ ਧਾੜਵੀਆਂ ਦੇ ਹਮਲੇ ਆਮ ਜਿਹੀ ਗੱਲ ਬਣ ਚੁਕੀ ਸੀ। ਹਿੰਦੂਆਂ ਨੇ ਗੁਲਾਮੀ ਦਾ ਜੂਲਾ ਖੁਸ਼ੀ ਖੁਸ਼ੀ ਆਪਣੇ ਗਲ ਵਿਚ ਪਾ ਲਿਆ ਸੀ।



www.AKJ.Org

ਮੁਲਕ ਦੀ ਤਰਸਯੋਗ ਹਾਲਤ ਨੂੰ ਮੁਖ ਰਖਦਿਆਂ ਦਸਵੇਂ ਪਾਤਸ਼ਾਹ ਨੇ ਬੀਰ-ਰਸੀ ਖਾਲਸਾ ਖੰਡੇ ਦੀ ਧਾਰ ਵਿਚੋਂ ਪੈਦਾ ਕੀਤਾ। ਖੰਡੇ ਦਾ ਅੰਮ੍ਰਿਤ ਛਕ ਕੇ ਖਾਲਸੇ ਨੇ ਚਿੜੀਆਂ ਤੋਂ ਬਾਜ਼ਾਂ ਦਾ ਰੂਪ ਧਾਰ ਲਿਆ। ਦੁਸ਼ਮਣ ਨੂੰ ਸੋਧਣ ਲਈ "ਸਵਾ ਲਾਖ ਸੇ ਏਕ ਲੜਾਊਂ..." ਗੁਰੂ ਸਾਹਿਬ ਦੇ ਹੁਕਮ ਨੂੰ ਪੂਰਾ ਕਰ ਦਿਖਾਇਆ। ਮਰੀਅਲ ਤੇ ਨਿਪੁੰਸਕ ਹੋਈ ਕੌਮ ਨੇ ਯੋਧਿਆਂ ਤੇ ਸੂਰਬੀਰਾਂ ਦਾ ਰੂਪ ਧਾਰ ਕੇ ਵੈਰੀਆਂ ਦੇ ਘੁਰਨਿਆਂ ਵਿਚ ਬੈਠੇ ਸ਼ੇਰਾਂ ਨੂੰ ਜਾ ਲਲਕਾਰਿਆ। ਮੱਸਾ ਰੰਘੜ ਜਿਹੇ ਹੰਕਾਰੀ, ਸ਼ਰਾਬੀ, ਕਬਾਬੀ ਅਤੇ ਆਕੜਖਾਨ ਫ਼ੌਜਦਾਰ ਦਾ ਸ੍ਰੀ ਹਰਿਮੰਦਰ ਸਾਹਿਬ ਅੰਦਰ ਰੰਗ-ਰਲੀਆਂ ਮਾਣਦੇ ਨੂੰ, ਫ਼ੌਜਾਂ ਦੇ ਸਖ਼ਤ ਪਹਿਰਿਆਂ ਨੂੰ ਚੀਰਦੇ ਹੋਇਆਂ ਉਸ ਦਾ ਸਿਰ ਕਲਮ ਕਰ ਲੈ ਜਾਣਾ ਸਿੰਘਾਂ ਦੀ ਬਹਾਦਰੀ ਦੀ ਇਕ ਅਦੁਤੀ ਮਿਸਾਲ ਹੈ।

ਖੰਡਾ ਦੋ ਚੀਜ਼ਾਂ ਦਾ ਸੂਚਕ ਹੈ—ਮੌਤ ਤੇ ਸ਼ਕਤੀ। ਖੰਡੇ ਦੀ ਧਾਰ ਇਸ ਗੱਲ ਦੀ ਵੀ ਸੂਚਕ ਹੈ ਕਿ ਖਾਲਸਾ ਜੀ ਜੇਕਰ ਤੁਸੀਂ ਨਿਰੋਲ ਖਾਲਸਈ ਜੀਵਨ ਜੀਊਣਾ ਹੈ ਤਾਂ ਮੌਤ ਕਿਸੇ ਸਮੇਂ ਵੀ ਵੰਗਾਰ ਸਕਦੀ ਹੈ। ਜ਼ਿੰਦਗੀ ਦਾ ਭਾਵ ਹੈ ਮੌਤ ਦੀ ਤਿਆਰੀ, ਅਤੇ ਮੌਤ ਦਾ ਮਤਲਬ ਹੈ ਨਵੇਂ ਜੀਵਨ ਦਾ ਅਰੰਭ। ਗੁਰੂ ਪਾਤਸ਼ਾਹ ਨੇ ਆਪਣੇ ਖਾਲਸੇ ਨੂੰ ਜ਼ਿੰਦਗੀ ਤੇ ਮੌਤ ਦਾ ਅੰਤਰ ਸਮਝਾ ਕੇ ਸੰਤ ਸਿਪਾਹੀ ਬਣਾ ਦਿਤਾ ਅਤੇ ਨਿਰਭਉ ਤੇ ਨਿਰਵੈਰ ਰਹਿਣ ਦੀ ਗੁੜ੍ਹਤੀ ਦੇ ਕੇ ਮਜ਼ਲੂਮਾਂ ਦੀ ਰਖਿਆ ਤੇ ਦੁਸ਼ਟਾਂ ਦਾ ਨਾਸ ਕਰਨ ਲਈ ਤਿਆਰ ਕੀਤਾ।

ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹਉ ਕਰਉ ਨਿਵਾਸ ॥

ਆਖ ਕੇ ਆਪਣੇ ਜੈਸਾ ਹੀ ਰੂਪ ਖਾਲਸੇ ਨੂੰ ਦੇ ਦਿਤਾ। ਭਾਵ, ਖਾਲਸਾ ਆਪਣੇ ਗੁਰੂ ਦੇ ਹੁਕਮਾਂ ਤੇ ਚਲਦਾ ਹੋਇਆ ਇਕ ਹੀ ਰੂਪ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ, ਖਾਲਸਈ ਰਹਿਤ ਦ੍ਰਿੜ੍ਹ ਕਰਵਾ ਕੇ ਆਪ ਪੰਜਾਂ ਤੋਂ ਅੰਮ੍ਰਿਤ ਪਾਨ ਕਰਕੇ ਪੰਜ ਪਿਆਰਿਆਂ ਨੂੰ ਗੁਰੂ ਦਾ ਰੂਪ ਬਖਸ਼ਿਆ। ਇਸ ਲਈ ਗੁਰੂ ਪਾਤਸ਼ਾਹ ਦੇ ਗੁਣਾਂ ਦਾ ਧਾਰਨੀ ਖਾਲਸਾ ਗੁਰੂ ਅਖਵਾਉਣ ਦਾ ਹੱਕ ਰਖਦਾ ਹੈ। ਗੁਰੂ ਫ਼ੁਰਮਾਨ ਹੈ :—

ਜਾਗਤ ਜੋਤਿ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਿਖਾਲਸ ਜਾਨੈ ॥੧॥ (ਪਾ: ੧੦, ਤੇਤੀ ਸਵੱਯੇ)

ਇਹ ਅਸਲ ਵਿਚ ਗੁਰੂ ਖਾਲਸੇ ਦੀ ਹੀ ਵਿਆਖਿਆ ਹੈ।

ਸਤਿਗੁਰ ਮੇਰਾ ਮਾਰਿ ਜੀਵਾਲੇ ॥੨॥੨੪॥ (ਭੈਰਉ ਮ: ੫, ਪੰਨਾ ੧੧੪੨)

ਸਮਰਥ ਗੁਰੂ ਜੀਵ ਨੂੰ ਮਾਰ ਕੇ ਜਿਵਾਲਣ ਦੀ ਤਾਕਤ ਰਖਦਾ ਹੈ। ਕਈ ਮਾਸ ਦੇ ਚਸਕਾਲੂ ਲਿਖਾਰੀਆਂ ਨੇ ਆਪਣੀ ਨਿਜ ਮਤ ਦੇ ਅਧੀਨ ਹੀ ਲਿਖ ਮਾਰਿਆ ਕਿ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜਣ ਸਮੇਂ ਪੰਜ ਬਕਰੇ ਝਟਕਾਉਣ ਦਾ ਨਾਟਕ ਰਚਿਆ। ਪ੍ਰੰਤੂ ਇਹਨਾਂ ਭੱਦਰ ਪੁਰਸ਼ਾਂ ਨੇ ਉਸ ਸਮੇਂ ਦੀ ਕੋਈ ਗਵਾਹੀ ਜਾਂ ਕਿਸੇ ਕਿਸਮ ਦਾ ਸਹੀ ਸਬੂਤ ਪੇਸ਼ ਨਹੀਂ ਕੀਤਾ। ਮਨੋ-ਕਲਪਤ ਗਲ ਲਿਖ ਮਾਰੀ। ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਨੇ ਸਿੱਖੀ ਨੂੰ ਕਮਾ ਕੇ, ਸਿੱਖੀ ਜੀਵਨ ਤੇ ਚਲਣ ਦਾ ਉਪਦੇਸ਼ ਦਿਤਾ। ਉਹਨਾਂ ਨੇ ਕੋਈ ਗੱਲ ਵੀ ਆਪਣੇ ਉਪਦੇਸ਼ ਦੇ ਉਲਟ ਨਹੀਂ ਕੀਤੀ।

'ਸਤਿਗੁਰੂ ਮੇਰਾ ਮਾਰਿ ਜਿਵਾਲੈ' ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਗੁਰਬਾਣੀ ਦੇ ਆਸ਼ੇ ਦੇ ਉਲਟ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਇਹੋ ਜਿਹੀ ਸਾਖੀ ਨੂੰ ਜੋੜਨਾ ਘੋਰ ਪਾਪ ਤੇ ਮਨਮੱਤ ਹੈ। 'ਸਿੱਖੀ' ਹੁਕਮ ਕਮਾਉਣ ਵਾਲਾ ਧਰਮ ਹੈ। ਜਿਥੇ ਗੁਰਸਿਖ ਨੇ ਪੰਜ-ਕਕਾਰੀ ਰਹਿਤ ਨੂੰ ਦ੍ਰਿੜ੍ਹਤਾ ਨਾਲ ਧਾਰਨ ਕਰਨਾ ਹੈ ਉਥੇ ਅੰਦਰਲੀ ਰਹਿਤ, ਭਾਵ ਨਾਮ-ਬਾਣੀ ਦੀ ਕਮਾਈ ਕਰਨੀ ਵੀ ਲਾਜ਼ਮੀ ਹੈ। ਜੇ ਗੁਰਸਿਖ ਨਿਤ ਅੰਮ੍ਰਿਤ ਵੇਲੇ ਉਠ ਕੇ ਗੁਰੂ ਦੇ ਹੁਕਮਾਂ ਅਨੁਸਾਰ ਨਾਮ-ਬਾਣੀ-ਕੀਰਤਨ ਨਾਲ ਨਹੀਂ ਜੁੜਦਾ ਤਾਂ ਬਾਹਰ ਮੁਖੀ ਰਹਿਤ ਕਿਸੇ ਲੇਖੇ ਨਹੀਂ। ਉਹ ਤਾਂ ਨਿਰਾ ਪਖੰਡ ਹੀ ਹੈ। ਦਸਮੇਸ਼ ਪਿਤਾ ਦਾ ਸਿਖਾਂ ਪ੍ਰਤੀ ਫ਼ੁਰਮਾਨ ਹੈ :—

ਜਬ ਲਗ ਖਾਲਸਾ ਰਹੈ ਨਿਆਰਾ ॥ ਤਬ ਲਗ ਤੇਜ ਦੀਉ ਮੈ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥ ਮੈਂ ਨ ਕਰਉਂ ਇਨ ਕੀ ਪ੍ਰਤੀਤ ॥ [ਬਾਕੀ ਸਫ਼ਾ ੪੦ ਦੇ ਹੇਠ]


www.AKJ.Org

## ਸ਼ਹੀਦੀ ਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਸ: ਰਘਬੀਰ ਸਿੰਘ ਅੰਮ੍ਰਿਤਸਰ | ੧੦੦੦-੦੦ | ਸ: ਮਨਜੀਤ ਸਿੰਘ ਰਾਇ,ਵਰਨਨ, ਕੈਨੇਡਾ | ੧੦੦-੦੦ |
| JWO. ਤੇਜਿੰਦਰ ਸਿੰਘ ਮਦਰਾਸ | ੨੦੦-੦੦ | ਸ: ਸੋਹਣ ਸਿੰਘ ਨਵੀਂ ਦਿਲੀ | ੫੦੦-੦੦ |
| ਸ: ਪ੍ਰਦੰਮਨ ਸਿੰਘ ਜਲੰਧਰ | ੧੦੦-੦੦ | ਸਿੰਘਣੀ ਗੁਰਚਰਨਜੀਤ ਸਿੰਘ ਸ਼ਹੀਦ, ਕਾਨਪੁਰ | ੨੫੧-੦੦ |
| ਸ: ਅਜੀਤ ਸਿੰਘ ਐਸ.ਡੀ.ਓ. ਲੁਧਿਆਣਾ | ੫੦-੦੦ | ਸ: ਜਸਬੀਰ ਸਿੰਘ, ਜਗਰਾਉਂ | ੫੦-੦੦ |
| ਗੁਪਤ ਆਕਲੈਂਡ ਤੋਂ | ੧੦੦੮-੦੦ | ਸ: ਗੁਰਬਖਸ਼ ਸਿੰਘ ਮੁਹਾਲੀ | ੫੦-੦੦ |
| ਗੁਪਤ ... ... | ੬੦੦-੦੦ | ਗੁਪਤ ... ... | ੧੦੦-੦੦ |
| ਸ: ਰਣਬੀਰ ਸਿੰਘ ਅੰਮ੍ਰਿਤਸਰ | ੫੦-੦੦ | ਸ: ਕੁਲਦੀਪ ਸਿੰਘ ਗਿਲ | ੫੦-੦੦ |
| ਸ: ਮਹਿੰਦਰ ਸਿੰਘ ਪੂਨਾ | ੫੦੦-੦੦ | ਬੀਬੀ ਗੁਰਚਰਨ ਕੌਰ ਜੰਮੂ | ੧੦੦-੦੦ |
| ਸ: ਮੋਹਨ ਸਿੰਘ ਬੁਲ੍ਹੋਵਾਲ (ਹੁਸ਼ਿਆਰਪੁਰ) | ੪੦੦-੦੦ | ਭਾ: ਹਰਚਰਨ ਸਿੰਘ ਮੁਕਤਸਰ | ੧੦੦-੦੦ |
| ਗੁਪਤ ... ... | ੫੦-੦੦ | ਬੀ:ਨਰਿੰਦਰਕੌਰ ਪਤਨੀ ਸ:ਭੁਪਿੰਦਰਸਿੰਘਵੈਨਕੋਵਰ | ੨੬੦-੦੦ |
| :: ਸਾਧੂ ਸਿੰਘ. ਵਰਨਨ, ਕੈਨੇਡਾ | ੨੫੦-੦੦ | ਸਾਧ ਸੰਗਤ ਕੋਪਨਹੈਗਨ ਡੈਨਮਾਰਕ | ੩੭੦੭-੦੦ |
| ਸ: ਤੇਜਿੰਦਰ ਸਿੰਘ ਭੱਟੀ, ਵਰਨਨ, ਕੈਨੇਡਾ | ੧੦੦-੦੦ | ਸੰਗਤ ਇਲਾਕਾ ਨਡਾਲਾ (ਕਪੂਰਥਲਾ) | ੮੧੩-੦੦ |

## ਸ਼ਹੀਦੀ ਤੇ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀ: ਸ਼ਰਨਜੀਤ ਕੌਰ ਪਤਨੀ ਸ: ਸਤਵੰਤ ਸਿੰਘ ਅੰਮ੍ਰਿਤਸਰ—ਪਤੀ ਜੇਲ੍ਹ ਤੋਂ ਰਿਹਾ, ਕਾਰੋਬਾਰ ਲਈ | ੬੦੦੦-੦੦ |
| ਬੀ: ਜਸਬੀਰ ਕੌਰ ਪਤਨੀ ਸ: ਰਾਜਿੰਦਰ ਸਿੰਘ ਪਿੰਡ ਬੁਟਰ (ਗੁਰਦਾਸਪੁਰ)—ਪਤੀ ਸ਼ਹੀਦ, ਘਰੇਗੀ ਲੋੜਾਂ | ੫੦੦੦-੦੦ |
| ਭਾਈ ਸਰੂਪ ਸਿੰਘ ਪਟਿਆਲਾ—ਦਿਲੀ ਤੋਂ ਉਜੜ ਕੇ ਆਏ, ਕਾਰੋਬਾਰ ਲੋੜਾਂ ਲਈ | ੫੦੦੦-੦੦ |
| ਬੀ: ਗੁਰਮੀਤ ਕੌਰ ਪਤਨੀ ਸ: ਭੁਪਿੰਦਰ ਸਿੰਘ ਧਰਮੀ ਫ਼ੌਜੀ ਟਰਪੱਲਾ—ਘਰੇਗੀ ਲੋੜਾ ਲਈ | ੫੦੦੦-੦੦ |
| ਬੀ: ਦਵਿੰਦਰ ਕੌਰ ਪਤਨੀ ਸ: ਬਲਬੀਰ ਸਿੰਘ ਚੋਲਾ ਸਾਹਿਬ—ਫੌਜੀ ਪਰਵਾਰ, ਲੋੜਾਂ ਲਈ | ੫੦੦੦-੦੦ |
| ਬੀ: ਹਰਜੀਤ ਕੌਰ ਪਤਨੀ ਸ: ਪ੍ਰੀਤਮ ਸਿੰਘ ਕੋਟ ਖਾਲਸਾ ਅੰਮ੍ਰਿਤਸਰ–ਪੁਲਸ ਨੌਕਰੀ ਤੋਂ ਜਵਾਬ, ਘਰੇਗੀ ਲੋੜਾਂ | ੫੦੦੦-੦੦ |
| ਫ਼ੌਜੀ ਤੇ ਸ਼ਹੀਦੀ ਪੀੜਤ ੧੯ ਪਰਵਾਰਾਂ ਨੂੰ ਬੈਂਕ ਰਾਹੀਂ ਮਾਸਕ ਸਹਾਇਤਾ | ੪੦੦੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਸਵਰਗਵਾਸੀ ਭਾਈ ਭਜਨ ਸਿੰਘ ਜੀ ਮਦਰਾਸੀ ਪਰਵਾਰ | ੫੦੦-੦੦ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਬੀ: ਗੁਰਚਰਨ ਕੌਰ ਦਾਦੂਪੁਰ (ਚੜ੍ਹਾਵਾ ਸਮਾਗਮ) | ੧੭੯-੦੦ | ਸ: ਸੁਰਿੰਦਰਪਾਲ ਸਿੰਘ ਸਰਦੂਲ ਸਿੰਘ ਲੁਧਿਆਣਾ | |
| ਸ: ਸੇਵਕ ਸਿੰਘ ਨਾਰਨੌਲ | ੧੫-੦੦ | ਚੜ੍ਹਾਵਾ ਅਨੰਦ ਕਾਰਜ | ੨੨੧-੦੦ |
| ਮੈਂ: ਹਰਜੀਤ ਕਲਾਥ ਹਾਊਸ, ਲੁਧਿਆਣਾ | ੧੧-੦੦ | ਸ: ਮੇਹਰ ਸਿੰਘ ਨਵੀਂ ਦਿਲੀ | ੧੦੦-੦੦ |
| ਪ੍ਰਿੰਸੀਪਲ ਇੰਦਰ ਕੌਰ, ਅੰਮ੍ਰਿਤਸਰ (ਚੜ੍ਹਾਵਾ) | ੧੦੮-੬੦ | Cpl. ਕੁਲਦੀਪ ਸਿੰਘ ਬੰਗਲੌਰ | ੧੦੦-੦੦ |
| ਸ: ਹਰਜਿੰਦਰ ਸਿੰਘ ਮੁਹਾਲੀ | ੨੦੦-੦੦ | ਸ: ਅਵਤਾਰ ਸਿੰਘ ਤੰਬੜ ਕੈਨੇਡਾ | ੪੮੩ ੦੦ |

## ਭਾਈ ਸਾਹਿਬ ਰਣਧੀਰ ਸਿੰਘ ਗੁਰਮਤਿ ਅਕਾਡਮੀ, ਕੀਰਤਨ ਹਾਲ ਕੰਪਲੈਕਸ ਉਸਾਰੀ ਲੁਧਿਆਣਾ

ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ ਲੁਧਿਆਣਾ ਵਲੋਂ ਉਪਰੋਕਤ ਉਸਾਰੀ ਲਈ ਹੇਠ ਲਿਖੇ ਸੇਵਕਾਂ ਨੂੰ ਮਾਇਆ ਲਈ ਪਕੀ ਰਸੀਦ ਕਟਣ ਦੇ ਅਧਿਕਾਰ ਹਨ। ਜੋ ਸਜਣ ਲੁਧਿਆਣੇ ਸਿਧੀ ਰਕਮ ਨਹੀਂ ਭੇਜ ਸਕਦੇ ਉਹ ਇਨ੍ਹਾਂ ਸੇਵਕਾਂ ਪਾਸ ਜਮ੍ਹਾਂ ਕਰਾਉਣ ਜੀ—

ਅਮਰੀਕਾ ਤੇ ਹੋਰ ਦੇਸ—ਭਾਈ ਸਾਹਿਬ ਜੀਵਨ ਸਿੰਘ।
ਕੈਨੇਡਾ—ਡਾ: ਦਰਸ਼ਨ ਸਿੰਘ ਬੈਂਸ ਟ੍ਰਾਂਟੋ।
ਕੈਨੇਡਾ—ਡਾ: ਹਰਦਿਆਲ ਸਿੰਘ ਬੈਂਸ, ਵੈਨਕੋਵਰ।
ਕੈਨੇਡਾ—ਸ: ਅਰਜਨ ਸਿੰਘ ਘੁਮਾਣ ਵੈਨਕੋਵਰ।
ਇੰਗਲੈਂਡ—ਸ: ਗੁਰਨਾਮ ਸਿੰਘ ਰੈਡਿੰਗ।

ਦਾਸਰਾ—ਰਾਮ ਸਿੰਘ (ਜਥੇਦਾਰ) ਪ੍ਰਧਾਨ ਟ੍ਰਸਟ

**ਅੰਮ੍ਰਿਤਸਰ ਵੈਸਾਖੀ ਸਮੇਂ ਰਿਹਾਇਸ਼ ਤੇ ਲੰਗਰ ਵਿਖੇ ਸੰਗਤਾਂ ਦੀਆਂ ਚੀਜ਼ਾਂ**:—ਇਕ ਐਨਕ ਗੁਰਾਇਆਂ ਦੀ ਬੀਬੀ ਦੀ, ੨ ਗਾਤਰੇ ਵਾਲੀਆਂ ਕਿਰਪਾਨਾਂ, ੧ ਜ਼ਨਾਨਾ ਸ਼ਾਲ, ੧ ਬੀਬੀ ਦਾ ਸੂਟ, ੨ ਸਵੈਟਰ, ੧ ਕੁੜਤਾ, ੨ ਪਜਾਮੇ, ੧ ਕਮੀਜ਼, ੧ ਤੌਲੀਆ, ਕਈ ਕਛਹਿਰੇ ਤੇ ਬਨੈਨਾਂ। ਜਿਨ੍ਹਾਂ ਦੇ ਹਨ, ੮੩-ਅਜੀਤ ਨਗਰ ਤੋਂ ਪ੍ਰਾਪਤ ਕਰੋ ਜੀ।

www.AKJ.Org

# ਸ਼ਹੀਦੀ ਗੁਰਪੁਰਬ ਸਾਲਾਨਾ ਕੀਰਤਨ ਸਮਾਗਮ ਹੁਸ਼ਿਆਰਪੁਰ

## ਅਖੰਡ ਕੀਰਤਨੀ ਜਥਿਆਂ ਵਲੋਂ ੨੪ ਮਈ ਵੀਰਵਾਰ ਸ਼ਾਮ ਤੋਂ ੨੮ ਮਈ ੧੯੯੦ ਸੋਮਵਾਰ ਸਵੇਰ ਤਕ

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਸਮੇਂ ਪ੍ਰੋਗਰਾਮ :—

੨੪-੫-੯੦ ਸ਼ਾਮ ੬ ਤੋਂ ੮-੩੦ ਕੀਰਤਨ ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ, ੨੫-੫-੯੦ ਸਵੇਰੇ ੫ ਤੋਂ ੮ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ, ਸ਼ਾਮ ੬ ਤੋਂ ੮-੩੦ ਕੀਰਤਨ ਗੁਰਦਵਾਰਾ ਸ੍ਰੀ ਮੁਕਤਧਾਮ ਮਹੱਲਾ ਕਚਾ ਟੋਬਾ, ੨੬-੫-੯੦ ਸਵੇਰੇ ੬ ਤੋਂ ੧੨ ਅਖੰਡ ਕੀਰਤਨ ਗੁਰਦਵਾਰਾ ਭਾਈ ਜੋਗਾ ਸਿੰਘ ਮਹੱਲਾ ਸ਼ੇਖਾਂ,ਸ਼ਾਮ ਨਗਰ ਕੀਰਤਨ ਸ੍ਰੀ ਗੁਰੂ ਸਿੰਘ ਸਭਾ ਤੋਂ ਅਰੰਭ, ੨੭-੫-੯੦ ਸਵੇਰੇ ਭੋਗ ਸ੍ਰੀ ਅਖੰਡਪਾਠ ਤੋਂ ਉਪਰੰਤ ਦੁਪਹਿਰ ੧ ਵਜੇ ਤਕ ਕੀਰਤਨ, ਸ਼ਾਮ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ । ੨੮-੫-੯੦ ਸਵੇਰੇ ੬ ਵਜੇ ਸਮਾਪਤੀ ।

ਨੋਟ—੧. ਰਿਹਾਇਸ਼ ਤੇ ਲੰਗਰ ਗੁ: ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਵਿਖੇ, ੨. ਲੋੜ ਅਨੁਸਾਰ ਬਿਸਤਰੇ ਲਿਆਓ ਜੀ।

ਪੁਛ ਗਿਛ—(੧) ਭਾ: ਪਰਮਜੀਤ ਸਿੰਘ, ਗੁਰ ਨਾਨਕ ਜਨਰਲ ਸਟੋਰ, ਨੇੜੇ ਬਸ ਸਟੈਂਡ (੨) ਭਾਈ ਹਰਮਿੰਦਰ ਸਿੰਘ, ਬੈਂਕ ਬਜ਼ਾਰ, ਹੁਸ਼ਿਆਰਪੁਰ

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ ਅਤੇ ਸਕੱਤਰ ਗੁ: ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ

## ਗੁਰੂ ਕੀ ਵਡਾਲੀ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਗੁਰਪੁਰਬ ਸਮੇਂ ਗੁਰਮਤਿ ਪ੍ਰੋਗਰਾਮ

੭-੬-੯੦ ਸਵੇਰੇ ਸ੍ਰੀ ਅਖੰਡਪਾਠ ਅਰੰਭ ਭਾਈ ਬਾਲਾ ਸਿੰਘ ਜੀ ਦੇ ਗ੍ਰਿਹ ਵਿਖੇ, ਸ਼ਾਮ ੫ ਤੋਂ ੮ ਕੀਰਤਨ ਗੁ: ਮੰਜੀ ਸਾਹਿਬ, ੮-੬-੯੦ ਸਵੇਰੇ ੬ ਤੋਂ ੧੨ ਕੀਰਤਨ ਗੁਰਦਵਾਰਾ ਸ਼ਹੀਦ ਸਿੰਘਾਂ, ਸ਼ਾਮ ੫ ਤੋਂ ੮ ਕੀਰਤਨ ਗੁਰਦਵਾਰਾ ਦਮਦਮਾ ਸਾਹਿਬ, ੯-੬-੯੦ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ੬ ਤੋਂ ੧ ਦੁਪਹਿਰ ਤਕ ਕੀਰਤਨ ਗੁਰਦਵਾਰਾ ਜਨਮ ਅਸਥਾਨ ਪਾ: ਛੇਵੀਂ, ਸ਼ਾਮ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ ਗੁ: ਜਨਮ ਅਸਥਾਨ, ੧੦-੬-੯੦ ਐਤਵਾਰ ਸਵੇਰੇ ਸਮਾਪਤੀ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਵਡਾਲੀ

## ਪਿੰਡ ਵੈਰੋਵਾਲ ਥਾਣੇ (ਅੰਮ੍ਰਿਤਸਰ) ਭਾ: ਮੋਹਨ ਸਿੰਘ ਬੰਤਾ ਸਿੰਘ ਦੇ ਗ੍ਰਿਹ ਵਿਖੇ ਪ੍ਰੋਗਰਾਮ

੨ ਜੂਨ ਸ਼ਨੀਵਾਰ ਸਵੇਰੇ ਅਖੰਡਪਾਠ ਦੇ ਭੋਗ ਤੇ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਆਇ ਜੁੜੋ ਜੀ

## ਪਿੰਡ ਸਰਾਂ(ਨੇੜੇ ਬੁਲਾਰਾ, ਤਸੀਲ ਬਾਬਾ ਬਕਾਲਾ ਜ਼ਿਲਾ ਅੰਮ੍ਰਿਤਸਰ)ਸ: ਸੰਤੋਖ ਸਿੰਘ ਕੇ ਗ੍ਰਿਹ ਸਮਾਗਮ

੨੦ ਮਈ ਐਤਵਾਰ ਸਵੇਰੇ ਅਖੰਡਪਾਠ ਦੇ ਭੋਗ, ਉਪਰੰਤ ਦੁਪਹਿਰ ਤਕ ਕੀਰਤਨ । (ਅੰਮ੍ਰਿਤਸਰ ਤੋਂ ਮਹਿਮਪੁਰ ਵਾਲੀ ਬਸ)

## ਪਿੰਡ ਸ਼ਤਰਾਣਾ (ਪਟਿਆਲਾ) ਭਾ: ਕੁਲਵੰਤ ਸਿੰਘ ਦੇ ਗ੍ਰਿਹ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ

੧੯ ਮਈ ਸ਼ਨੀਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ ਤੇ ਕੀਰਤਨ, ਰਾਤ ਨੂੰ ਰੈਣ ਸਬਾਈ ਕੀਰਤਨ

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀਵਾਨ ਹਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਰਤਨ

ਅਖੰਡ ਕੀਰਤਨੀ ਜਥਾ ਚੰਡੀਗੜ੍ਹ ਵਲੋਂ ੬ ਮਈ ੧੯੯੦ ਐਤਵਾਰ ਨੇ ਸਵੇਰੇ ੬ ਤੋਂ ੧੨ ਤਕ ਕੀਰਤਨ

## ਮਾਸਕ ਰੈਣ ਸਬਾਈ ੧੯ ਮਈ ਗੁ: ਐਚ ਐਲ ਕੁਆਟਰਜ਼ (ਅਰਬਨ ਅਸਟੇਟ ਜਮਾਲਪੁਰ) ਲੁਧਿਆਣਾ

---

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਸੇਵਾਦਾਰਾਂ ਦੀ ਨਿਯੁਕਤੀ ਅਤੇ ਗੁਰਮਤਿ ਪ੍ਰਚਾਰ

(੧) ਅਖੰਡ ਕੀਰਤਨੀ ਜਥਾ ਯੂ.ਕੇ ਦੀ ਜਨਰਲ ਬਾਡੀ ਦੀ ਮੀਟਿੰਗ ਤੇ ਨਵੇਂ ਸੇਵਾਦਾਰਾਂ ਦੀ ਨਿਯੁਕਤੀ 19 ਮਈ ਡੇਢ ਵਜੇ ਦਿਨੇ ਗੁਰਦਵਾਰਾ ਗੁਰੂ ਅਰਜਨ ਦੇਵ ਜੀ, ਕਰਾਮਵੈਲ ਸਟਰੀਟ ਡਰਬੀ ਵਿਖੇ । ਗੁਰਦਵਾਰਾ ਫੋਨ 0332-32539
ਭਾਈ ਚੈਨ ਸਿੰਘ ਡਰਬੀ 0332-45150 ਜਥੇਦਾਰ ਭਾਈ ਦੀਦਾਰ ਸਿੰਘ ਹਡਰਸਫ਼ੀਲਡ 0484-545165
ਅਖੰਡ ਕੀਰਤਨੀ ਜਥੇ ਦੇ ਸਮੂਹ ਮੈਂਬਰ ਮੌਕੇ ਤੇ ਪਹੁੰਚ ਕੇ ਜਥੇਦਾਰ ਸਾਹਿਬ ਨੂੰ ਸਹਿਯੋਗ ਦੇਣ।

(੨) ਭਾਈ ਰਜਿੰਦਰ ਸਿੰਘ ਸਨਫ਼ਰਾਂਸਿਸਕੋ ਅਮਰੀਕਾ ਤੋਂ ਸੂਚਨਾ ਦੇਂਦੇ ਹਨ ਕਿ ਅਖੰਡ ਕੀਰਤਨੀ ਜਥਾ ਯੂ.ਕੇ ਵਲੋਂ ਭਾਈ ਸਾਹਿਬ ਜੀਵਨ ਸਿੰਘ ਜੀ ਦੇ ਸਹਿਯੋਗ ਨਾਲ ਅਸਟ੍ਰੇਲੀਆ, ਨਿਊਜ਼ੀਲੈਂਡ ਤੇ ਸਿੰਘਾਪੁਰ ਆਦਿ ਵਿਖੇ ਗੁਰਮਤਿ ਪ੍ਰਚਾਰ ਉਪਰੰਤ ਅਮਰੀਕਾ ਵਿਚ ਵੀ ਕੈਲੀਫੋਰਨੀਆ, ਸੈਨਰੋਜ਼ੇ, ਐਲਸਬਰਾਂਟੇ, ਫਰੀਮੋਂਟ, ਸਟਾਕਟਨ, ਸੈਕਰਾਮੈਂਟੋ, ਯੂਬਾ ਸਿਟੀ ਦੇ ਗੁਰ-ਅਸਥਾਨਾਂ ਅਤੇ ਘਰਾਂ ਵਿਖੇ ਸਵੇਰੇ ਸ਼ਾਮ ਅਖੰਡ ਕੀਰਤਨ, ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ ਹੋਏ।

**ਯੂ.ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਣ ਲਈ ਪਤਾ** (ਫੋਨ 0734-67900)
**Bhai Gurnam Singh. 10-Lambourne Gardens, Earley, Reeding, Berks. U.K.**

---

ਡਰਾਫ਼ਟ, ਮਨੀਆਰਡਰ ਤੇ ਚਿਠੀ ਪਤਰ ਭੇਜਣ ਦਾ ਪਤਾ :

**ਸੂਰਾ ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org